ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੬ ਫੱਗਣ ਸੰਨ ੨੦੨੬ Monday, 09 MARCH

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਅਨੰਦ ਸਾਹਿਬ
### ਬਾਣੀ ਵਿਚ ਅਨੰਦ ਦਾ ਸੰਕਲਪ

ਡਾ. ਗੁਰਚਰਨ ਸਿੰਘ

ਅਨੰਦ ਸਾਹਿਬ' ਬਾਣੀ ਦੇ ਰਚਨਹਾਰ ਸ੍ਰੀ ਗੁਰੂ ਅਮਰਦਾਸ ਜੀ ਹਨ। ਇਸ ਬਾਣੀ ਵਿਚ ਨਾ ਕੇਵਲ ਗੁਰਮਤਿ ਸਿਧਾਂਤਾਂ ਅਤੇ ਉਨ੍ਹਾਂ ਦੀ ਪ੍ਰਾਪਤੀ ਦੀ ਸਾਧਨਾ- ਜੁਗਤਿ ਬਾਰੇ ਦੱਸਿਆ ਗਿਆ ਹੈ ਬਲਕਿ ਉਨ੍ਹਾਂ ਦੀ ਪ੍ਰਾਪਤੀ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਭੀ ਜ਼ਿਕਰ ਕੀਤਾ ਗਿਆ ਹੈ।

'ਅਨੰਦ ਸਾਹਿਬ' ਬਾਣੀ ਦਾ ਸੰਬੰਧ ਰਹੱਸਵਾਦੀ ਜੀਵਨ ਦੇ ਸਿਖਰ ਨਾਲ ਹੈ। ਮਨੁੱਖ ਅੰਦਰ ਜਦੋਂ ਤਕ ਬਾਹਰ ਦੀਆਂ ਦੁਨਿਆਵੀ ਭੁੱਖਾਂ ਜਿਵੇਂ ਲੋਕਾਂ ਦੀ ਵਾਹ-ਵਾਹ, ਸੁੰਦਰ ਪਦਾਰਥਾਂ ਦੇ ਭੋਗ, ਕਾਮ-ਕਲੋਲ, ਧਨ ਦੀ ਲਾਲਸਾ ਆਦਿ ਰਹਿਣਗੀਆਂ, ਉਦੋਂ ਤਕ ਉਸ ਵਿਚ ਰਜੇਵਾਂ ਆ ਹੀ ਨਹੀਂ ਸਕਦਾ। ਜਦੋਂ ਤਕ ਦੁਨਿਆਵੀ ਪਦਾਰਥਾਂ ਦਾ ਹਿਰਦੇ ਅੰਦਰੋਂ ਮੋਹ ਨਹੀਂ ਟੁੱਟਦਾ, ਜੀਵ-ਆਤਮਾ ਦੀ ਤ੍ਰਿਪਤੀ ਨਹੀਂ ਹੋ ਸਕਦੀ ਅਤੇ ਜਦੋਂ ਤਕ ਤ੍ਰਿਪਤੀ ਨਹੀਂ ਹੋ ਸਕਦੀ ਉਦੋਂ ਤਕ ਮਨੁੱਖ ਆਤਮਕ ਰਸ ਤੋਂ ਸੱਖਣਾ ਹੀ ਰਹਿੰਦਾ ਹੈ। ਆਤਮ-ਰਸ ਨੂੰ ਸੰਭਾਲਣ ਵਾਲੀ ਲਿਵਲੀਨਤਾ ਮਗਰੋਂ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸਥਿਤੀ ਵੱਲ ਸੰਕੇਤ ਕਰਦਿਆਂ ਫ਼ੁਰਮਾਉਂਦੇ ਹਨ:

**ਸਾਚੀ ਲਿਵੈ ਬਿਨੁ ਦੇਹ ਨਿਮਾਣੀ॥**
**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥ (ਅੰਗ 917)**

ਵਾਸਤਵ ਵਿਚ ਜੀਵ-ਆਤਮਾ ਦੀ ਤ੍ਰਿਪਤੀ ਆਤਮ-ਰਸ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਸਦਾ-ਥਿਰ ਪ੍ਰਭੂ-ਚਰਨਾਂ ਦੀ ਪ੍ਰੀਤ ਤੋਂ ਬਿਨਾਂ ਮਨੁੱਖ ਨਿਆਸਰਾ ਹੁੰਦਾ ਹੈ ਤੇ ਨਕਾਰੇ ਕੰਮ ਹੀ ਕਰਦਾ ਹੈ।ਅਨੰਦ' ਦਾ ਮੂਲ ਸੋਮਾ 'ਨਾਮ ਸਿਮਰਨ' ਹੈ। 'ਨਾਮ ਸਿਮਰਨ' ਨਾਲ ਮਨ ਮੌਲਦਾ ਹੈ, ਅੰਤਰ-ਆਤਮੇ ਖੇੜਾ ਜਾਗਦਾ ਹੈ। ਵਿਅਕਤੀ ਜਦ ਤਕ ਪੰਜ ਦੂਤ- ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਜਾਲ ਤੋਂ ਬਾਹਰ ਨਹੀਂ ਨਿਕਲਦਾ, ਮਨੁੱਖ ਦਾ ਮਨ ਬੁਝਿਆ, ਸੜਿਆ, ਮਲੀਨ ਅਤੇ ਚਿੰਤਾਵਾਂ ਵਿਚ ਡੁੱਬਿਆ ਰਹਿੰਦਾ ਹੈ। ਉਸ ਵਿਚ ਆਤਮਕ-ਖੇੜਾ ਪੈਦਾ ਹੋ ਹੀ ਨਹੀਂ ਸਕਦਾ। ਮਨੁੱਖ ਪ੍ਰਭੂ-ਨਾਮ ਦੇ ਸਿਮਰਨ ਦੁਆਰਾ ਸੱਚੀ ਖੁਸ਼ੀ ਲੈ ਸਕਦਾ ਹੈ। ਸ਼ਬਦ-ਗੁਰੂ ਨਾਲ ਜੁੜ ਸਕਦਾ ਹੈ ਅਤੇ ਅਗਿਆਨਤਾ ਦੂਰ ਕਰ ਸਕਦਾ ਹੈ। ਗੁਰੂ-ਕਿਰਪਾ ਨਾਲ ਪ੍ਰਾਣੀ ਮੋਹ, ਮਾਇਆ, ਅਹੰਕਾਰ ਅਤੇ ਪਰਵਾਰਿਕ ਬੰਧਨਾਂ ਤੋਂ ਉੱਪਰ ਉੱਠਦਾ ਹੈ ਅਤੇ ਗੁਰੂ-ਸ਼ਬਦ ਦੇ ਅਭਿਆਸ ਰਾਹੀਂ ਅਨੁਭਵੀ-ਗਿਆਨ ਆਪਣੇ ਮਨ ਵਿਚ ਵਸਾ ਕੇ, ਉਹ ਹੁਕਮੀ ਬੰਦਾ ਬਣ ਕੇ ਖ਼ਸਮ ਦੀ ਕਾਰ ਵਿਚ ਜੁੱਟਿਆ ਰਹਿੰਦਾ ਹੈ।ਪ੍ਰਭੂ-ਨਾਮ ਦਾ ਸਿਮਰਨ, ਕੀਰਤਨ ਅਤੇ ਭਗਤੀ 'ਅਨੰਦ' ਦਾ ਖ਼ਜ਼ਾਨਾ ਹਨ। ਗੁਰਮਤਿ ਵਿਚ ਚੌਥਾ ਪਦ 'ਸਹਜ ਅਵਸਥਾ' ਦੀ ਪ੍ਰਾਪਤੀ ਨੂੰ ਵੀ 'ਅਨੰਦ' ਆਖਿਆ ਹੈ।'ਸਿੱਖ ਰਵਾਇਤ' ਦੇ ਅਨੁਸਾਰ, "ਅਨੰਦ ਸਾਹਿਬ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ 1554 ਈ. ਨੂੰ ਆਪਣੇ ਪੋਤਰੇ ਅਨੰਦ ਜੀ ਨੂੰ ਸਿੱਖਿਆ ਦੇ ਮੰਤਵ ਨਾਲ ਉਚਾਰੀ ਮੰਨੀ ਜਾਂਦੀ ਹੈ।" 'ਗੁਰਬਾਣੀ ਵਿਚਾਰਧਾਰਾ' ਅਨੁਸਾਰ, "ਮਹਾਂਪੁਰਸ਼ ਜੋ ਵੀ ਉਪਦੇਸ਼ ਕਰਦੇ ਹਨ ਭਾਵੇਂ ਉਹ ਇਕ ਵਿਅਕਤੀ ਨੂੰ ਹੀ ਮੁਖ਼ਾਤਬ ਕੀਤਾ ਹੋਵੇ, ਉਸ ਦੀ ਸਿਖਿਆ (ਸੀਖ) ਸਾਰੇ ਜੀਵਾਂ ਪ੍ਰਤੀ ਸਾਂਝੀ ਤੇ ਕਲਿਆਣਕਾਰੀ ਹੁੰਦੀ ਹੈ।" ਸ੍ਰੀ ਗੁਰੂ ਅਮਰਦਾਸ ਜੀ ਸੋਰਠਿ ਰਾਗ ਅੰਦਰ ਬਹੁਤ ਸੁੰਦਰ ਸ਼ਬਦਾਂ ਵਿਚ ਫ਼ੁਰਮਾਉਂਦੇ ਹਨ:

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥ (ਅੰਗ 647)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਅਨੰਦ ਸਾਹਿਬ ਬਾਣੀ ਨੂੰ ਪੰਨਾ 917 ਤੋਂ 922 ਤਕ ਅੰਕਿਤ ਕੀਤਾ ਗਿਆ ਹੈ। ਅਨੰਦ ਸਾਹਿਬ ਬਾਣੀ ਦੀਆਂ 40 ਪਉੜੀਆਂ ਹਨ। ਹਰ ਪਉੜੀ ਵਿਚ 5 ਤੋਂ 6 ਤੁਕਾਂ ਹਨ। ਪਉੜੀ ਦਾ ਕੇਂਦਰੀ ਭਾਵ ਸਪੱਸ਼ਟ ਕਰਨ ਲਈ ਉਸੇ ਪਉੜੀ ਵਿਚ ਤੁਕ ਨੂੰ ਦੁਹਰਾਇਆ ਗਿਆ ਹੈ।ਗੁਰਮਤਿ ਵਿਚਾਰਧਾਰਾ ਵਿਚ ਇਸ ਬਾਣੀ ਦਾ ਖਾਸ ਮਹੱਤਵ ਹੈ ਅਤੇ ਇਸ ਨੂੰ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਕੀਤਾ ਗਿਆ ਹੈ।

ਧਾਰਮਿਕ ਮਰਯਾਦਾ ਅਨੁਸਾਰ ਸਿੱਖ ਆਪਣੇ ਹਰ ਕਾਰਜ ਭਾਵੇਂ ਉਹ ਸੁਖ ਨਾਲ ਤੇ ਭਾਵੇਂ ਦੁੱਖ ਨਾਲ ਸੰਬੰਧਿਤ ਹੋਣ, ਪ੍ਰਭੂ ਦਾ ਭਾਣਾ ਮੰਨਦਾ ਹੋਇਆ ਅਨੰਦ ਸਾਹਿਬ ਦੇ ਪਾਠ ਨਾਲ ਸਮਾਪਤ ਕਰਦਾ ਹੈ। ਜਿਸ ਤੋਂ ਭਾਵ ਇਹ ਹੈ ਕਿ ਗੁਰੂ ਦੇ ਸਿੱਖ ਲਈ ਪ੍ਰਭੂ ਦੇ ਭਾਣੇ ਅੰਦਰ ਸੁਖ ਤੇ ਦੁੱਖ ਵਿਚ ਸੰਤੁਲਿਤ ਰਹਿਣ ਦਾ ਆਦੇਸ਼ ਹੈ।'ਅਨੰਦ' ਦੀ ਪਰਿਭਾਸ਼ਾ ਵਿਦਵਾਨਾਂ ਨੇ ਬੜੇ ਵਿਸਥਾਰ ਵਿਚ ਕੀਤੀ ਹੈ।

'ਸੰਸਕ੍ਰਿਤ ਹਿੰਦੀ ਕੋਸ਼' ਅਨੁਸਾਰ ਅਨੰਦ (ਆ+ਨੰਦ+ਅਵ) ਦੇ ਅਰਥ ਹਨ ਸ਼ਾਂਤ, ਸੁਖ, ਪ੍ਰੀਤੀ, ਆਮੋਦ, ਪ੍ਰਮੋਦ, ਹਰਸ਼ ਆਦਿ। ਪ੍ਰਾਚੀਨ ਗ੍ਰੰਥਾਂ ਵਿਚ ਅਨੰਦ ਦਾ ਅਰਥ ਪਰਮ-ਸੁਖ ਅਤੇ ਸੰਪੂਰਨ ਸਮ੍ਰਿਧੀ ਕੀਤੇ ਗਏ ਹਨ। ਦਰਸ਼ਨ ਗ੍ਰੰਥਾਂ ਵਿਚ ਦੁੱਖ ਦੇ ਅਭਾਵ ਨੂੰ 'ਅਨੰਦ' ਦੱਸਿਆ ਗਿਆ ਹੈ। ਅਨੰਦ ਸਿਧਾਂਤ ਭਾਰਤੀ ਦਰਸ਼ਨ ਦਾ ਕੇਂਦਰੀ ਬਿੰਦੂ ਮੰਨਿਆ ਗਿਆ ਹੈ। ਭਾਰਤੀ ਧਾਰਮਕ ਪਰੰਪਰਾ ਦੀਆਂ ਭਗਤੀ ਸੰਪਰਦਾਵਾਂ ਵਿਚ ਵੀ ਅਨੰਦ ਦੀ ਵਿਆਖਿਆ ਮਿਲਦੀ ਹੈ। ਵੱਲਭਾਚਾਰੀਆ ਅਨੁਸਾਰ, "ਸਤਿ-ਚਿਤ-ਅਨੰਦ ਤਿੰਨਾਂ ਤੱਤਾਂ ਵਿਚ ਕੇਵਲ ਅਨੰਦ ਹੀ ਆਕਾਰ ਸੰਪਰਕ ਤੱਤ ਹੈ। ਅਨੰਦ ਦੇ ਕਾਰਨ ਹੀ ਪਰਮ ਪਰਸ਼ੋਤਮ ਸਾਕਾਰ ਹੁੰਦਾ ਹੈ।" ਭਾਰਤੀ ਪ੍ਰਾਚੀਨ ਫ਼ਿਲਾਸਫ਼ੀ ਵਿਚ ਮੋਖ ਦੀ ਅਵਸਥਾ ਨੂੰ 'ਪੂਰਨ ਅਨੰਦ' ਅਵਸਥਾ ਮੰਨਿਆ ਗਿਆ ਹੈ। ਇਸ ਨੂੰ ਬੁੱਧ ਮਤ ਵਿਚ 'ਨਿਰਵਾਣ' ਅਤੇ ਜੈਨ ਮਤ ਵਿਚ 'ਕੈਵਲਯ' ਦਾ ਨਾਮ ਦਿੱਤਾ ਗਿਆ ਹੈ। 'ਅਨੰਦ' ਮਨੁੱਖੀ ਜੀਵਨ ਦਾ ਆਦਰਸ਼ ਹੈ।ਧਾਰਮਿਕ ਚਿੰਤਕਾਂ ਨੇ ਮਨੁੱਖੀ ਚੇਤਨਾ ਤਿੰਨ ਪ੍ਰਕਾਰ ਦੀ ਮੰਨੀ ਹੈ- ਇੰਦਰਿਆਵੀ, ਤਾਰਕਿਕ ਤੇ ਅੰਤਰ ਬੋਧੀ। ਪ੍ਰਥਮ ਸੰਵੇਦੀ ਚੇਤਨਾ ਹੈ। ਦੂਸਰੀ ਤਰਕਸ਼ੀਲ ਬੁੱਧੀ ਦੇ ਪੱਧਰ ਦੀ ਹੈ ਅਤੇ ਤੀਸਰੀ ਅੰਤਰਮਈ ਜਿਹੜੀ ਬੁੱਧੀ ਦੀ ਪਹੁੰਚ ਤੋਂ ਉਚੇਰੀ ਹੁੰਦੀ ਹੈ। ਇਸ ਨੂੰ ਸਹਜ ਵੀ ਕਿਹਾ ਗਿਆ ਹੈ। ਗੁਰਬਾਣੀ ਵਿਚ ਸਹਜ ਮਨ ਦੀ ਸਥਿਰਤਾ, ਆਤਮ ਗਿਆਨ, ਬ੍ਰਹਮ ਗਿਆਨ, ਪਰਮ ਪਦ, ਚੌਥਾ ਪਦ ਆਦਿ ਦੇ ਨਾਮ ਦਿੱਤੇ ਗਏ ਹਨ। ਸਹਜ ਆਤਮ ਪ੍ਰਕਾਸ਼ ਹੈ। ਗੁਰਬਾਣੀ ਵਿਚ ਸਹਿਜ ਤੇ ਅਨੰਦ ਇੱਕੋ ਆਤਮਕ ਅਵਸਥਾ ਦੇ ਸੂਚਕ ਮੰਨੇ ਗਏ ਹਨ।ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਅਵਸਥਾ ਦਾ ਸੋਮਾ 'ਗੁਰੂ' ਦੱਸਿਆ ਹੈ। ਗੁਰੂ, ਅਨੰਦ-ਪ੍ਰਾਪਤੀ ਲਈ ਮਹੱਤਵਪੂਰਨ ਸ੍ਰੋਤ ਮੰਨਿਆ ਗਿਆ ਹੈ। ਉਨ੍ਹਾਂ ਲਈ ਅਕਾਲ ਪੁਰਖ ਤੇ ਗੁਰੂ ਇੱਕੋ ਹਸਤੀ ਦੇ ਦੋ ਗੁਣ ਹਨ। ਗੁਰੂ ਦਾ ਮਿਲਾਪ ਹੀ ਅਨੰਦ- ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਸਿਧਾਂਤਕ ਤੌਰ 'ਤੇ ਨਿਰੰਕਾਰ ਦੀ ਬਾਣੀ ਗੁਰੂ ਹੈ। ਸ਼ਬਦ ਨੂੰ ਜਾਣਨਾ ਅਤੇ ਇਸ ਨੂੰ ਜੀਵਨ ਦਾ ਆਧਾਰ ਬਣਾਉਣਾ ਜੀਵਨ ਦਾ ਮਨੋਰਥ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸਥਿਤੀ ਵੱਲ ਸੰਕੇਤ ਕਰਦਿਆਂ ਫ਼ੁਰਮਾਉਂਦੇ ਹਨ:

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥**
**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥**
**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥**
**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥**
**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ।। (ਅੰਗ 917)**

ਗੁਰੂ ਦੀ ਕਿਰਪਾ ਨਾਲ ਹਰਿ-ਰਸ ਦੀ ਪ੍ਰਾਪਤੀ ਹੁੰਦੀ ਹੈ। ਉੱਚੇ ਭਾਗਾਂ, ਚੰਗੇ ਕਰਮਾਂ ਦਾ ਸਦਕਾ ਗੁਰੂ ਦਾ ਮੇਲ ਅਤੇ ਸਦੀਵੀ ਰਸ ਪ੍ਰਾਪਤ ਹੁੰਦਾ ਹੈ। ਗੁਰੂ ਸਹਜ ਦਾਤਾ ਹੈ, ਗੁਰੂ ਭਗਤੀ ਦਾਤਾ ਹੈ ਅਤੇ ਸਤਿਗੁਰੂ ਸਾਧਕ ਨੂੰ ਬਿਬੇਕ ਬੁੱਧ ਬਖ਼ਸ਼ਦਾ ਹੈ। ਮਨੁੱਖ ਦੀ ਆਤਮਕ ਭੁੱਖ ਅਸਲ ਵਿਚ ਜੀਵਨ-ਮਨੋਰਥ ਦੀ ਪੂਰਤੀ ਦਾ ਸਾਧਨ ਬਣਦੀ ਹੈ। ਇਸ ਦੀ ਤ੍ਰਿਪਤੀ ਗੁਰੂ ਵੱਲੋਂ ਨਾਮ ਬਖ਼ਸ਼ਣ ਉਪਰੰਤ ਪ੍ਰਭੂ ਮਿਲਾਪ ਹੋਣ ਨਾਲ ਹੁੰਦੀ ਹੈ। ਪ੍ਰਭੂ ਦਾ ਨਾਮ ਮਨੁੱਖ ਨੂੰ ਅੰਦਰੋਂ-ਬਾਹਰੋਂ ਨਿਰਮਲ ਬਣਾ ਦਿੰਦਾ ਹੈ ਯਥਾ:

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
**(ਅੰਗ 919)**

ਨਾਮ' ਪਰਮਾਤਮਾ ਦੀ ਸਰਬ-ਵਿਆਪਕ ਸ਼ਕਤੀ ਹੈ ਅਤੇ ਸਮੇਂ-ਸਮੇਂ ਸੰਸਾਰ ਦੇ ਕਲਿਆਣ ਹਿੱਤ ਗੁਰੂ-ਸ਼ਬਦ ਰਾਹੀਂ ਪ੍ਰਗਟ ਹੁੰਦੀ ਹੈ। ਸ਼ਬਦ ਗਿਆਨ ਰੂਪ ਹੈ। ਗੁਰੂ-ਸ਼ਬਦ ਰਾਹੀਂ ਪ੍ਰਭੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਗੁਰੂ-ਸ਼ਬਦ ਤੋਂ ਬਿਨਾਂ ਹੋਰ ਬਾਣੀ ਕੱਚੀ ਹੈ। ਸ਼ਬਦ ਪਰਮਾਤਮਾ ਦਾ ਦਰਸ਼ਨ ਹੈ। ਗੁਰ-ਦਰਸ਼ਨ ਨੂੰ ਭਾਉ ਤੇ ਪਿਆਰ ਨਾਲ ਮਨ ਵਿਚ ਵਸਾਉਣ ਨਾਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਕੱਚੀ ਬਾਣੀ ਨੂੰ ਉਚਾਰਨ ਕਰਨਾ ਅਤੇ ਸੁਣਨਾ ਦੋਨੋਂ ਹੀ ਕੱਚੇ ਭਾਵ ਪ੍ਰਗਟ ਕਰਦੇ ਹਨ ਅਤੇ ਅਧੂਰੇ ਹਨ। ਯਥਾ:

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**
**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥**
**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥**
**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥**
**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**
**(ਅੰਗ 920)**

ਮਨੁੱਖ ਦੀਆਂ ਸ਼ਕਤੀਆਂ ਵਿੱਚੋਂ ਯਾਦ ਇਕ ਮੁੱਖ ਸ਼ਕਤੀ ਹੈ ਜਿਸ ਦੇ ਬਲ ਸਦਕਾ ਮਨੁੱਖ ਆਪਣੇ ਜੀਵਨ ਦੀ ਘਾੜਤ ਘੜਦਾ ਹੈ। ਇਸ ਯਾਦ-ਸੱਤ੍ਹਾ ਦੀ ਵਰਤੋਂ ਚੰਗੀ ਜਾਂ ਮੰਦੀ ਹੋ ਸਕਦੀ ਹੈ। ਗੁਰਬਾਣੀ ਵਿਚ ਯਾਦ ਦੀਆਂ ਦੋਹਾਂ ਸੱਤ੍ਹਾਂ ਦੇ ਨਾਮ ਦਿੱਤੇ ਗਏ ਹਨ। ਜਿਸ ਯਾਦ ਵਿਚ ਮਨ ਨੂੰ ਭਰਮਾਉਣ ਵਾਲੇ ਅਸਥਿਰ ਪਦਾਰਥਾਂ ਵੱਲ ਰੁਚੀ ਹੋਵੇ ਉਸ ਯਾਦ ਦਾ ਨਾਮ 'ਤ੍ਰਿਸ਼ਨਾ' ਤੇ ਜਿਸ ਯਾਦ ਕਰਕੇ ਮਨ ਵਿਚ ਟਿਕਾਉ, ਸ਼ਾਂਤੀ, ਰਸ, ਸੁਖ ਤੇ ਅਨੰਦ ਉਪਜੇ ਉਹ 'ਲਿਵ' ਹੈ। ਅਜਿਹੀ ਹਾਲਤ ਵਿਚ ਜ਼ਰੂਰੀ ਤਾਂ ਇਹੀ ਹੈ ਕਿ ਤ੍ਰਿਸ਼ਨਾ ਨੂੰ ਛੱਡ ਕੇ ਮਨ ਨੂੰ ਲਿਵ ਵਾਲੇ ਪਾਸੇ ਲਾਇਆ ਜਾਏ। ਪਰ ਸੰਸਾਰ ਵਿਚ ਮਾਨਵ ਮਨ ਦੀ ਗਤੀ ਕੁਝ ਅਜਿਹੀ ਹੈ ਕਿ ਮਨੁੱਖ ਮਾਇਆ ਦੇ ਪ੍ਰਭਾਵ ਨਾਲ ਲਿਵ ਨੂੰ ਛੱਡ ਕੇ ਤ੍ਰਿਸ਼ਨਾ ਵੱਲ ਵਧੇਰੇ ਰੁਚਿਤ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸਥਿਤੀ ਦਾ ਸੰਕੇਤ ਕਰਦਿਆਂ ਫ਼ੁਰਮਾਉਂਦੇ ਹਨ:

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥ (ਅੰਗ 921)**

ਗੁਰਮਤਿ ਵਿਚ ਨਾਮ-ਸਿਮਰਨ ਦਾ ਸਹਿਜ ਢੰਗ ਪ੍ਰਵਾਨਿਤ ਮੰਨਿਆ ਗਿਆ ਹੈ, ਕਿਉਂਕਿ ਹਠ ਯੋਗ ਵਿਚ ਸਰੀਰ ਨੂੰ ਕਸ਼ਟ ਦੇ ਕੇ ਮਨ ਨੂੰ ਕਾਬੂ ਕਰਨ ਦਾ ਯਤਨ ਕੀਤਾ ਜਾਂਦਾ ਹੈ ਜੋ ਗੁਰਮਤਿ ਅਨੁਸਾਰ ਠੀਕ ਨਹੀਂ। ਸਹਜ-ਯੋਗ ਕਾਰ-ਵਿਹਾਰ ਕਰਦਿਆਂ ਮਨ ਨੂੰ ਪ੍ਰਭੂ ਦੀ ਯਾਦ ਨਾਲ ਇਕਸੁਰ ਕਰਦਿਆਂ ਕੀਤਾ ਜਾ ਸਕਦਾ ਹੈ। ਇਸੇ ਸੰਬੰਧ ਵਿਚ ਗੁਰਮਤਿ ਵਿਚ ਜਗਤ ਨੂੰ ਪਰਮੇਸ਼ਰ ਦਾ ਰੂਪ ਮੰਨਿਆ ਹੈ। ਇਸ ਦੀ ਰੌਣਕ ਨੂੰ ਵਧਾਉਣਾ ਇਨਸਾਨ ਦਾ ਪ੍ਰਮੁੱਖ ਕਰਤੱਵ ਦੱਸਿਆ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਬਹੁਤ ਸੁੰਦਰ ਸ਼ਬਦਾਂ ਵਿਚ ਸਪੱਸ਼ਟ ਕਰਦੇ ਹਨ:

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥**
**(ਅੰਗ 922)**

ਅੱਜ 21ਵੀਂ ਸਦੀ ਦੇ ਸੰਦਰਭ ਵਿਚ ਅਨੰਦ ਸਾਹਿਬ ਬਾਣੀ ਦੇ ਕੇਂਦਰੀ ਭਾਵ ਨੂੰ ਹੋਰ ਵੀ ਵਧੇਰੇ ਦ੍ਰਿੜ੍ਹ ਕਰਨ ਦੀ ਲੋੜ ਹੈ। ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਤੋਂ ਨਿਮਰਤਾ, ਸੇਵਾ ਭਾਵ, ਸਦਾ ਮਿੱਠਾ ਬੋਲਣਾ, ਦਸਾਂ-ਨਹੁੰਆਂ ਦੀ ਕਿਰਤ ਕਰਨੀ, ਸਾਧ ਸੰਗਤ ਦੀ ਸੇਵਾ ਕਰਨੀ ਅਤੇ ਗਰੀਬਾਂ ਦੁਖੀਆਂ ਦਾ ਹਮੇਸ਼ਾਂ ਭਲਾ ਕਰਨਾ ਆਦਿ ਗੁਣਾਂ ਬਾਰੇ ਸਿੱਖਿਆ ਮਿਲਦੀ ਹੈ ਉਥੇ ਆਪ ਜੀ ਦੁਆਰਾ ਰਚੀ ਬਾਣੀ ਪੜ੍ਹ ਕੇ ਮਨੁੱਖ ਨੂੰ ਜ਼ਿੰਦਗੀ ਦੀ ਸੇਧ ਭੀ ਮਿਲਦੀ ਹੈ।

ਅਨੰਦ ਸਾਹਿਬ ਬਾਣੀ ਦਾ ਉਪਦੇਸ਼ ਗ੍ਰਹਿਣ ਕਰਨਾ ਅਤੇ ਇਸ ਨੂੰ ਅਮਲ ਵਿਚ ਲਿਆਉਣਾ ਮਨੁੱਖ-ਮਾਤਰ ਨੂੰ ਵਰਤਮਾਨ ਸਮੇਂ ਜੀਵਨ ਦੇ ਅੱਡ-ਅੱਡ ਪਹਿਲੂਆਂ ਵਿਚ ਵਾਪਰ ਰਹੀਆਂ ਔਕੜਾਂ ਦਾ ਹੱਲ ਲੱਭਣ ਵਿਚ ਭਾਰੀ ਮੱਦਦ ਕਰ ਸਕਦਾ ਹੈ।ਅੱਜ ਦਾ ਮਨੁੱਖ ਹਰ ਸਮੇਂ ਆਪਣੇ ਪ੍ਰਤੀਦਿਨ ਦੇ ਕਾਰ-ਵਿਹਾਰ ਦੇ ਰੁਝੇਵਿਆਂ ਕਰਕੇ ਮਾਨਸਿਕ ਅਤੇ ਸਰੀਰਿਕ ਪੱਧਰ 'ਤੇ ਤਨਾਉਗ੍ਰਸਤ (in tension) ਰਹਿੰਦਾ ਹੈ ਜਿਸ ਤੋਂ ਉਸ ਨੂੰ ਕਈ ਹੋਰ ਬਿਮਾਰੀਆਂ ਘੇਰ ਲੈਂਦੀਆਂ ਹਨ; ਪਰੰਤੂ ਜਿਹੜਾ ਵਿਅਕਤੀ ਪਾਵਨ ਬਾਣੀ ਨੂੰ ਪੜ੍ਹਦਾ, ਵਿਚਾਰਦਾ ਅਤੇ ਇਸ ਦੇ ਨਿਰਮਲ ਉਪਦੇਸ਼ ਨੂੰ ਕਮਾਉਣ ਦਾ ਸੁਹਿਰਦ ਯਤਨ ਕਰਦਾ ਹੈ, ਅਕਾਲ ਪੁਰਖ ਉਸ ਦੇ ਹਰੇਕ ਕਾਰਜ 'ਚ ਸਹਾਈ ਹੁੰਦਾ ਹੈ।

ਉਹ ਤਨਾਉ ਤੋਂ ਮੁਕਤ ਰਹਿੰਦਾ ਹੈ। ਉਹ ਮਨੁੱਖ ਸਹਿਜ-ਅਵਸਥਾ ਦਾ ਧਾਰਨੀ ਹੋ ਜਾਂਦਾ ਹੈ ਤੇ ਉਸ ਦੇ ਹਿਰਦੇ ਅੰਦਰ 'ਅਨੰਦ' ਸਮਾ ਜਾਂਦਾ ਹੈ। ਅਨੰਦ ਸਾਹਿਬ ਬਾਣੀ ਵਿਚ ਪਿਆਰ ਅਤੇ ਵੈਰਾਗ ਦੋਵੇਂ ਅੰਸ਼ ਹਨ। ਅਨੰਦ ਸਾਹਿਬ ਬਾਣੀ ਮਨੁੱਖ ਨੂੰ ਸੰਤੋਖ, ਨਿਸ਼ਕਾਮਤਾ, ਆਤਮ-ਸੰਜਮ, ਪਵਿੱਤਰਤਾ, ਨਿਮਰਤਾ, ਸਵੈ-ਸਮਰਪਣ, ਦੂਰ-ਦ੍ਰਿਸ਼ਟਤਾ, ਹਉਮੈ ਰਹਿਤਤਾ, ਆਤਮਿਕਤਾ ਅਤੇ ਸੱਚਾਈ ਵਰਗੇ ਮਹਾਨ ਸਦਗੁਣ ਧਾਰਨ ਕਰਾਉਣ ਦੀ ਬਖ਼ਸ਼ਿਸ਼ ਕਰਦੀ ਹੈ ਅਤੇ ਮਨੁੱਖ ਨੂੰ ਸੱਚਾ ਤੇ ਸੁੱਚਾ ਜੀਵਨ-ਢੰਗ ਦੱਸ ਕੇ ਆਦਰਸ਼ ਮਨੁੱਖ ਬਣਨ ਵਿਚ ਸਹਾਇਕ ਹੁੰਦੀ ਹੈ।





# ਸੰਗਤ

ਪ੍ਰਿੰ. ਗੰਗਾ ਸਿੰਘ

ਸੰਗਤ ਦਾ ਅਸਰ ਭਾਵੇਂ ਮਨੁੱਖ 'ਤੇ ਵਿਸ਼ੇਸ਼ ਕਰਕੇ ਪੈਂਦਾ ਹੈ, ਪਰ ਦੂਸਰੀਆਂ ਜੂਨਾਂ ਵੀ ਇਸ ਤੋਂ ਖ਼ਾਲੀ ਨਹੀਂ ਹਨ। ਕੀ ਬਨਸਪਤੀ, ਕੀ ਪੰਛੀ ਤੇ ਕੀ ਪਸ਼ੂ, ਹਰ ਇਕ, ਕੋਲ ਬਹਿਣ ਵਾਲੇ ਸੰਗੀ ਦਾ ਅਸਰ ਕਬੂਲ ਕਰਦਾ ਹੈ। ਬਨਸਪਤੀ ਦੀ ਦੁਨੀਆ ਵਿਚ ਇਹ ਇਕ ਮਸ਼ਹੂਰ ਪ੍ਰਮਾਣ ਹੈ ਕਿ ਜੰਗਲ ਦੀਆਂ ਛੋਟੀਆਂ ਛੋਟੀਆਂ ਝਾੜੀਆਂ ਚੰਦਨ ਦੇ ਸਮੀਪ ਰਹਿਣ ਕਰਕੇ ਖ਼ੁਦ ਸੁਗੰਧੀ ਦੇਣ ਵਾਲੀਆਂ ਬਣ ਜਾਂਦੀਆਂ ਹਨ:

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥**
**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥**
**(ਸਲੋਕ ਕਬੀਰ, ਅੰਗ ੧੩੬੫)**

ਪਰਬਤਾਂ ਦੀਆਂ ਉੱਚੀਆਂ ਚੋਟੀਆਂ 'ਤੇ ਜਾ ਕੇ ਪਤਾ ਲਗਦਾ ਹੈ ਕਿ ਖੁਸ਼ਬੂਦਾਰ ਜੜ੍ਹੀਆਂ ਬੂਟੀਆਂ ਦੇ ਸਮੀਪ ਉਗਿਆ ਹੋਇਆ ਘਾਹ ਵੀ ਬਹੁਤ ਵੇਰ ਸੁਗੰਧਤ ਹੋ ਜਾਂਦਾ ਹੈ। ਘਾਹ ਦੀ ਤੇ ਗੱਲ ਕਿਤੇ ਰਹੀ, ਮਿੱਟੀ ਤਕ ਸੁਗੰਧਤ ਫੁੱਲਾਂ ਤੋਂ ਵਰੋਸਾਈ ਜਾਂਦੀ ਹੈ। ਈਰਾਨ ਦੇ ਮਸ਼ਹੂਰ ਲਿਖਾਰੀ ਸ਼ੇਖ਼ ਸਾਅਦੀ ਦਾ ਕਥਨ ਹੈ ਕਿ ਇਕ ਦਿਨ ਉਸ ਨੇ ਸਵੇਰੇ ਹੀ ਆਪਣੀ ਮਹਿਬੂਬਾ ਨੂੰ ਕਿਹਾ, ਮੈਨੂੰ ਹੱਥ ਧੋਣ ਵਾਸਤੇ ਥੋੜ੍ਹੀ ਜਿਹੀ ਮਿੱਟੀ ਦੇ; ਜਦ ਉਹ ਮਿੱਟੀ ਲੈ ਆਈ ਤਾਂ ਹੱਥਾਂ ਤੇ ਮਲਣ ਲੱਗਿਆਂ ਸਾਅਦੀ ਨੂੰ ਉਸ ਵਿਚੋਂ ਸੁਗੰਧੀ ਆਈ। ਸ਼ੇਖ਼ ਨੇ ਜਾਣਿਆ ਕਿ ਘੁਸਮੁਸਾ ਹੈ, ਅੰਧੇਰੇ ਦੇ ਦੋਸ਼ ਕਰਕੇ, ਲਿਆਉਣ ਵਾਲੀ ਮਿੱਟੀ ਦੀ ਥਾਂ 'ਕਸਤੂਰੀ' ਜਾਂ 'ਅੰਬਰ' ਲੈ ਆਈ ਹੈ। ਮਗਰ ਇਹ ਦੱਸਣ 'ਤੇ ਕਿ ਇਹ ਮਿੱਟੀ ਹੀ ਹੈ, ਕਵੀ ਨੇ ਹੈਰਾਨ ਹੋ ਕੇ ਖ਼ਾਕ ਤੋਂ ਪੁੱਛਿਆ, "ਤੇਰੇ 'ਚ ਇਤਨੀ ਖੁਸ਼ਬੂ ਕਿਉਂ ਹੈ?" ਤਾਂ ਉੱਤਰ ਮਿਲਿਆ, "ਮੈਂ ਹਾਂ ਤਾਂ ਨਾ-ਚੀਜ਼ ਮਿੱਟੀ ਹੀ, ਪਰ ਬਹੁਤ ਮੁੱਦਤ ਤਕ ਫੁੱਲਾਂ ਦੇ ਕੋਲ ਬਹਿੰਦੀ ਰਹੀ ਹਾਂ। ਇਸ ਕੋਲ ਬਹਿਣ ਕਰਕੇ ਹੀ ਮੇਰੇ ਵਿਚੋਂ ਸੁਗੰਧੀ ਆ ਰਹੀ ਹੈ, ਨਹੀਂ ਤਾਂ ਮੈਂ ਨਿਮਾਣੀ ਮਿੱਟੀ ਹੀ ਹਾਂ।"ਗਿਲੇ ਖ਼ੁਸ਼ਬੂ ਦਰ ਹਮਾਮ ਰੋਜ਼ੇ,ਰਸੀਦ ਅਜ਼ ਦਸਤੇ ਮਾਹਬੂਬੇ ਬਦਸਤਮ।ਬਾ ੳ ਗੁਫ਼ਤਮ ਕਿ ਮੁਸ਼ਕੀ ਯਾ ਅਬੀਰੀ,ਕਿ ਅਜ਼ ਖ਼ੁਸ਼ਬੂ ਦਿਲ ਵਜੇ ਤੋ ਮਸਤਮ।ਬਿਗੁਫ਼ਤਾ ਮਨ ਗਿਲੇ ਨਾਚੀਜ਼ ਬੂਦਮ,ਵਲੈਕਨ ਮੁੱਦਤੇ ਬਾ ਗੁਲ ਨਿਸ਼ਸਤਮ।ਜਮਾਲੇ ਹਮਨਸ਼ੀਂ ਦਰ ਮਨ ਅਸਰ ਕਰਦ,ਵਗਰਨਾ ਮਨ ਹਮਾ ਖ਼ਾਕਮ ਕਿ ਹਸਤਮ।ਇਹ ਪ੍ਰਾਹੁਣੇ ਦੇ ਸੁਆਗਤ ਦਾ ਮਨੁੱਖੀ ਫ਼ਰਜ਼ ਨਿਬਾਹੁਣਾ ਪਰਿੰਦੇ ਨੂੰ ਕਿਸ ਤਰ੍ਹਾਂ ਆ ਗਿਆ? 'ਸੰਗਤ ਕਰਕੇ'। ਪੰਛੀ ਜੋ ਚਿਰ ਤਕ ਮਨੁੱਖਾਂ ਦੀ ਸੰਗਤ ਵਿਚ ਰਿਹਾ ਤਾਂ ਮਿਲ ਬੈਠਣ ਦਾ ਅਸਰ ਕਿਉਂ ਨਾ ਕਬੂਲਦਾ? ਏਸੇ ਤਰ੍ਹਾਂ ਹੀ ਮੈਨਾ ਤੇ ਹੋਰ ਕਈ ਪੰਛੀ ਵੀ ਮਨੁੱਖੀ ਸੰਗਤ ਤੋਂ ਲਾਭ ਉਠਾਉਂਦੇ ਹਨ।ਪਸ਼ੂ ਜਗਤ ਵਿਚ ਤਾਂ ਇਹ ਚੀਜ਼ ਆਮ ਦਿਸ ਆਉਂਦੀ ਹੈ। ਕੌਣ ਨਹੀਂ ਜਾਣਦਾ ਕਿ ਪਸ਼ੂਆਂ ਦੀਆਂ ਬਹੁਤ ਸਾਰੀਆਂ ਸ਼੍ਰੇਣੀਆਂ ਦੋ ਹਿੱਸਿਆਂ ਵਿਚ ਤਕਸੀਮ ਹਨ: ਇਕ ਜਾਂਗਲੀ ਤੇ ਦੂਜੇ ਰਾਖਵੇਂ। ਦੋਹਾਂ ਦੇ ਸੁਭਾਵਾਂ ਵਿਚ ਕਿਤਨਾ ਫ਼ਰਕ ਹੁੰਦਾ ਹੈ, ਜਿਥੇ ਜਾਂਗਲੀ ਜਾਨਵਰ ਤੁੰਦ, ਅੱਖੜ ਤੇ ਗ਼ੁਸੈਲ ਹੁੰਦੇ ਹਨ, ਉਥੇ ਪਾਲਤੂ ਹਲੀਮ, ਨਰਮ ਸੁਭਾਅ ਦੇ ਤੇ ਡਰਾਕਲ ਦਿਸ ਆਉਂਦੇ ਹਨ। ਜਾਨਵਰਾਂ ਵਿਚ ਬੜੀ ਮਾਸੂਮ ਗਊ ਤੇ ਮੱਝ ਜੋ ਮਨੁੱਖ ਨੂੰ ਸਾਰੀ ਉਮਰ ਦੁੱਧ, ਦਹੀਂ, ਮੱਖਣ ਦੇ ਫ਼ੈਜ਼ ਪੁਚਾਂਦੀ ਹੈ, ਅਸਲ ਵਿਚ ਖੂੰ-ਖ਼ਾਰ ਜੰਗਲੀ ਭੈਂਸੇ ਤੇ ਮਾਰਖ਼ੋਰ ਬੈਲਾਂ ਦੀ ਹੀ ਔਲਾਦ ਹੈ, ਜਿਸ ਨੂੰ ਮੁੱਦਤਾਂ ਦੀ ਮਨੁੱਖੀ ਸੰਗਤ ਨੇ ਹੁਣ ਵਾਲੇ ਸੁਭਾਅ ਦਾ ਰੂਪ ਦਿਤਾ ਹੈ। ਸਿਖਾਏ ਹੋਏ ਘੋੜੇ ਤੇ ਹਾਥੀ ਮਨੁੱਖਾਂ ਨੂੰ ਸਵਾਰੀ ਦੇਂਦੇ ਤੇ ਚਿਤਰੇ ਤੇ ਸ਼ੇਰ ਸਰਕਸ ਵਿਚ ਤਮਾਂਸ਼ਾ ਦਿਖਾ ਖੁਸ਼ ਕਰਦੇ ਹਨ। ਮਨੁੱਖੀ ਜਾਮੇ ਵਿਚ ਤਾਂ ਸੰਗਤ ਦਾ ਫਲ ਅਜਬ ਕਰਾਮਾਤਾਂ ਦਿਖਾਂਦਾ ਹੈ। ਚੇਤਨਤਾ ਉਚੇਰੀ ਹੋ ਜਾਣ ਕਰਕੇ ਬੁੱਧੀ ਤੇਜ਼ੀ ਨਾਲ ਕੰਮ ਕਰਦੀ ਤੇ ਅਸਰ ਛੇਤੀ ਕਬੂਲਦੀ ਹੈ। ਜੇ ਡਾਰਵਿਨ ਦੇ ਵਿਕਾਸਵਾਦ ਨੂੰ ਸਹੀ ਮੰਨ ਲਿਆ ਜਾਏ, ਤਾਂ ਅੱਜ ਦਾ ਹਵਾਈ ਜਹਾਜ਼ ਦਾ ਸਵਾਰ ਤੇ ਪ੍ਰਮਾਣੂ ਬੰਬਾਂ ਦਾ ਬਣਾਣ ਵਾਲਾ ਮਨੁੱਖ, ਬਾਂਦਰ ਦੇ ਜਾਮੇ ਤੋਂ ਤੁਰਿਆ ਹੈ, ਜੋ ਸਹਿਜੇ ਸਹਿਜੇ ਸੰਗੀਆਂ ਕੋਲੋਂ ਜਾਚਾਂ ਸਿਖ ਸਿਖ ਚਤੁਰ ਤੇ ਉਚੇਰਾ ਹੁੰਦਾ ਗਿਆ। ਪਰ ਜੇ ਇਸ ਗੱਲ ਨੂੰ ਪਾਸੇ ਵੀ ਰਹਿਣ ਦੇਈਏ ਤਾਂ ਇਸ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਮਨੁੱਖ ਦਾ ਆਰੰਭਕ ਜੀਵਨ ਨੰਗੇ ਬਣ-ਮਾਨਸ ਦਾ ਸੀ ਜੋ ਸਹਿਜੇ ਸਹਿਜੇ ਉਚੇਰੀ ਸੰਗਤ ਕਰਕੇ ਉੱਚਾ ਹੁੰਦਾ ਗਿਆ। ਜੀਵਨ ਦੇ ਇਸ ਸੁਭਾਅ ਨੂੰ ਕਿਸੇ ਕਵੀ ਨੇ ਵੇਲ ਵਾਂਗ ਬਿਆਨ ਕੀਤਾ ਹੈ। ਉਹ ਕਹਿੰਦਾ ਹੈ, ਵੱਡਿਆਂ ਕੋਲ ਬੈਠੋ ਤੇ ਉਹਨਾਂ ਨਾਲ ਮੇਲ ਪਾਓ, ਕਿਉਂ ਜੋ ਵੇਲ-ਜਿਡੇ ਉਚੇ ਰੁੱਖ ਨਾਲ ਬੰਨ੍ਹੀਏ, ਓਡੀ ਹੀ ਲੰਬੀ ਹੋ ਜਾਂਦੀ ਹੈ:ਬੈਠੀਏ ਪਾਸ ਬਡਨ ਕੇ ਹੋਤ ਬਡਨ ਸਿਓਂ ਮੇਲ।ਸਬੀ ਜਾਣਤ ਕਿ ਬੜ੍ਹਤ ਹੈ ਬਿਰਖ ਬਰਾਬਰ ਬੇਲ।ਹਕੀਕਤਨ ਮਨੁੱਖੀ ਜੀਵਨ ਏਸੇ ਤਰ੍ਹਾਂ ਹੀ ਚਲਦਾ ਹੈ। ਮਨੁੱਖੀ ਮਨ ਪੰਛੀ ਦੀ ਤਰ੍ਹਾਂ ਹੈ ਜੋ ਦਸਾਂ ਦਿਸ਼ਾਂ ਵਿਚ ਉੱਡਦਾ ਹੈ ਪਰ ਫਲ, ਜਿਹੋ ਜਿਹੀ ਸੰਗਤ ਕਰੇ ਉਹੋ ਜਿਹੇ ਹੀ ਖਾਂਦਾ ਹੈ। ਸੰਗਤ ਦਾ ਫਲ ਖਾਣ ਦਾ ਨਤੀਜਾ ਮਨੁੱਖ ਲਈ ਸਦਾ ਇੱਕੋ ਜਿਹਾ ਨਹੀਂ ਹੁੰਦਾ।

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਏ॥**
**ਜੋ ਜੈਸੇ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ॥੮੬॥**
**(ਸਲੋਕ ਕਬੀਰ, ਅੰਗ ੧੩੬੯)**

ਉਹ ਸੰਗਤ 'ਤੇ ਨਿਰਭਰ ਹੈ, ਜੇ ਸੰਗਤ ਚੰਗੀ ਮਿਲੇ ਤਾਂ ਫਲ ਚੰਗਾ ਤੇ ਜੇ ਮਾੜੀ ਮਿਲੇ ਤਾਂ ਫਲ ਮਾੜਾ। ਸੰਗਤ ਦੇ ਸ਼ੁਭ ਅਸ਼ੁਭ ਹੋਣ ਨਾਲ ਹੀ ਮਨੁੱਖੀ ਜੀਵਨ ਦੇ ਚੜ੍ਹਾਅ ਜਾਂ ਉਤਾਰ ਦਾ ਤਅੱਲਕ ਹੈ। ਜੇ ਚੰਗੀ ਸੰਗਤ ਮਿਲ ਗਈ ਤਾਂ ਚੜ੍ਹ ਗਿਆ, ਜੇ ਖੋਟੀ ਮਿਲੀ ਤਾਂ ਡਿਗ ਪਿਆ। ਜੀਵਨ ਖੇਤਰ ਵਿਚ ਅਜਿਹਾ ਹੁੰਦਾ ਰੋਜ਼ ਦਿਸ ਆਂਵਦਾ ਹੈ। ਕਿਸੇ ਪਾਸੇ ਮਨੁੱਖੀ ਜੀਵਨ ਚੜ੍ਹਾਈ ਵੱਲ ਛਾਲਾਂ ਮਾਰਦਾ ਜਾਂਦਾ ਦੇਖੀਦਾ ਹੈ, ਤੇ ਦੂਜੇ ਪਾਸੇ ਪਰਬਤ ਤੋਂ ਢਲਦੇ ਪਾਣੀ ਦੀ ਤੇਜ਼ੀ ਵਾਂਗ ਡਿੱਗ ਰਿਹਾ। ਇਹ ਸੰਗਤ ਦਾ ਹੀ ਫਲ ਹੁੰਦਾ ਹੈ। ਜੇ ਕੰਗਾਲਾਂ ਦੇ ਪੁੱਤਰ ਧਨੀ, ਅਨਪੜ੍ਹਾਂ ਦੇ ਚਤੁਰ, ਕਾਇਰਾਂ ਦੇ ਬੀਰ ਤੇ ਬਦਾਂ ਦੇ ਭਲੇ ਹੋ ਜਾਂਦੇ ਦਿਸ ਆਉਂਦੇ ਹਨ ਤਾਂ ਉਹ ਕੇਵਲ ਚੰਗੀ ਸੰਗਤ ਦੇ ਆਸਰੇ, ਤੇ ਜਦੋਂ ਇਸ ਦੇ ਐਨ ਉਲਟ ਧਨੀਆਂ ਦੇ ਕੰਗਾਲ, ਚਾਤਰਾਂ ਦੇ ਮੂਰਖ, ਬੀਰਾਂ ਦੇ ਕਾਇਰ ਤੇ ਨੇਕਾਂ ਦੇ ਬਦ ਮਿਲਣ ਤਾਂ ਨਿਸ਼ਚੇ ਇਹ ਕੁਸੰਗਤ ਦਾ ਹੀ ਫਲ ਹੁੰਦਾ ਹੈ। ਖੋਟੀਆਂ ਸੰਗਤਾਂ ਵਿਚ ਬੈਠੇ ਹੋਏ ਇਨਸਾਨ, ਜੀਵਨ ਰਾਸ ਹੀ ਗਵਾ ਬਹਿੰਦੇ ਹਨ। ਕਬੀਰ ਸਾਹਿਬ ਦੇ ਬਚਨ ਅਨੁਸਾਰ ਕੁਸੰਗਤ ਦੀ ਮਾਰ ਮਨੁੱਖ ਨੂੰ ਅਜਿਹੀ ਪੈਂਦੀ ਹੈ, ਜਿਸ ਤਰ੍ਹਾਂ ਬੇਰੀ ਦੇ ਬੂਟੇ ਦੇ ਪਾਸ ਉੱਗੇ ਹੋਏ ਕੇਲੇ ਦਾ ਹਾਲ ਹੁੰਦਾ ਹੈ। ਜਿਉਂ ਜਿਉਂ ਬੇਰੀ ਪਸਰਦੀ ਹੈ, ਉਹ ਗ਼ਰੀਬ ਚੀਰੀਦਾ ਹੈ। ਅਮਲੀਆਂ ਤੇ ਸ਼ਰਾਬੀਆਂ ਦੀ ਕੁਸੰਗਤ ਬੜੇ ਬੜੇ ਪਰਹੇਜ਼ਗਾਰਾਂ ਨੂੰ ਗਿਰਾ ਦੇਂਦੀ ਹੈ। ਨੀਤੀ ਵਿਚ ਲਿਖਿਆ ਹੈ ਕਿ ਮਨੁੱਖ ਸ਼ੇਰਾਂ ਨਾਲ ਭਰੇ ਹੋਏ ਬਣ ਵਿਚ ਤਾਂ ਭਾਵੇਂ ਵੱਸ ਪਵੇ, ਡੂੰਘੇ ਪਾਣੀ ਵਿਚ ਧਸ ਜਾਵੇ, ਭਾਵੇਂ ਬਿੱਛੂ ਨੂੰ ਹੱਥ ਵਿਚ ਫੜ ਲਵੇ, ਕੰਨ ਖਜੂਰੇ ਨੂੰ ਕੰਨ ਵਿਚ ਦਿਵਾ ਲਏ, ਸੱਪ ਦੇ ਮੂੰਹ ਵਿਚ ਉਂਗਲੀ ਦੇ ਦੇਵੇ, ਪਹਾੜ ਤੋਂ ਛਾਲ ਮਾਰ ਲਵੇ ਤੇ ਆਰੇ ਹੇਠਾਂ ਭਾਵੇਂ ਚਿਰ ਜਾਏ, ਪਰ ਮੂਰਖ ਦੀ ਸੰਗਤ ਨਾ ਕਰੇ:ਸਿੰਘਨ ਕੇ ਬਨ ਮੇ ਬਸੀਏ ਘਸੀਏ,ਕਰ ਮੇਂ ਬਿਛੂਵਾ ਗਹਿ ਲੀਜੇ।ਕਾਨ ਖਜੂਰ ਪ੍ਰਵੇਸ ਕਰਾਇ ਕਿ,ਸਾਂਪ ਕੇ ਮੁਖ ਮੇਂ ਉਂਗਰੀ ਦੀਜੇ।ਗਿਰ ਤੇ ਗਿਰੀਏ ਅਗ ਮੇ ਜਰੀਏ,ਔਰ ਆਰੀ ਕੇ ਘਾਵ ਅਨੇਕ ਸਹੀਜੇ।ਏਤੇ ਤੋ ਕਸ਼ਟ ਅਨੰਤ ਸਹੋ,ਪਰ ਮੂਰਖ ਮੀਤ ਕੋ ਸੰਗ ਨ ਕੀਜੇ।ਕੁਸੰਗਤ ਇਨਸਾਨ ਨੂੰ ਮਾਰਦੀ ਹੈ ਤੇ ਸ਼ੁੱਭ ਸੰਗਤ ਜੀਵਾਂਦੀ ਹੈ। ਸ਼ੁੱਭ ਸੰਗਤ ਕੀ ਹੈ? ਇਸ ਦਾ ਉੱਤਰ ਸਤਿਗੁਰੂ ਇਸ ਤਰ੍ਹਾਂ ਦੇਂਦੇ ਹਨ ਕਿ ਉਤਮ ਸੰਗਤ ਉਹ ਹੈ, ਜਿਸ ਕਰਕੇ ਮਨੁੱਖ ਗੁਣਾਂ ਵੱਲ ਧਾਂਵਦਾ ਹੈ ਤੇ ਔਗੁਣਾਂ ਨੂੰ ਧੋ ਕੇ ਬਾਹਰ ਕੱਢਦਾ ਹੈ। ਇਹ ਗੁਣਾਂ ਵੱਲ ਧਾਵਣਾ ਮਨੁੱਖ ਦਾ ਸੁਭਾਵਕ ਕਰਤਬ ਹੈ। ਸੋ ਜਿਉਂ ਜਿਉਂ ਉਹ ਗੁਣਾਂ ਵੱਲ ਵਧਦਾ ਜਾਏਗਾ ਤਿਉਂ ਤਿਉਂ ਉਚੇਰਾ ਹੋਵੇਗਾ। ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਦੀ ਕੋਈ ਕਮੀ ਨਹੀਂ, ਜਿਨ੍ਹਾਂ ਤੋਂ ਪਤਾ ਲਗਦਾ ਹੋਵੇ ਕਿ ਗਿਰੇ ਤੋਂ ਗਿਰੇ ਹੋਏ ਮਨੁੱਖ ਭੀ ਭਲੀ ਸੰਗਤ ਮਿਲਣ ਕਰਕੇ ਬਹੁਤ ਉਚੇਰੇ ਹੋ ਗਏ। ਪੱਛਮ ਦਾ ਇਕ ਮਸ਼ਹੂਰ ਲਿਖਾਰੀ ਕਹਿੰਦਾ ਹੈ ਕਿ ਮੈਂ ਜਿਉਂ ਜਿਉਂ ਵਡੇਰਾ ਹੁੰਦਾ ਜਾਂਦਾ ਹਾਂ, ਮੈਨੂੰ ਯਕੀਨ ਆ ਰਿਹਾ ਹੈ ਕਿ ਨਿਰੀਆਂ ਪੋਥੀਆਂ ਫੋਲਿਆਂ ਭਾਵੇਂ ਲਖ ਯਤਨ ਕਰੀਏ, ਵਿਦਿਆ ਨਹੀਂ ਲੱਭਦੀ। ਉਸ ਦੇ ਖ਼ਜ਼ਾਨੇ ਤਾਂ ਵੱਡੇ ਨਰ ਨਾਰੀਆਂ ਦੀ ਸੰਗਤ ਵਿਚ ਦੱਬੇ ਹੋਏ ਹਨ। ਬੰਦੇ ਲਈ ਵਾਜਬ ਹੈ ਕਿ ਉਹ ਵਡੇਰੇ ਦਿਲਾਂ ਵਿਚੋਂ ਖੋਜ ਕਰੇ, ਜੇ ਸਾਡੇ ਕਾਲਜ ਤੇ ਸਕੂਲਾਂ ਨੂੰ ਪੁਸਤਕਾਂ ਦੀ ਥਾਂ ਬੰਦੇ ਵਾਚਣ ਦਾ ਢੰਗ ਲੱਭ ਪਵੇ ਤਾਂ ਬਿਗੜੀ ਅੱਜ ਹੀ ਬਣ ਜਾਏ:
ਜਿਉਂ ਜਿਉਂ ਮੈਂ ਵਡੇਰਾ ਹੋਵਾਂ, ਨਿਸ਼ਚਾ ਹੁੰਦਾ ਜਾਵੇ।ਪੋਥੇ ਫੋਲੇ ਇਲਮ ਨਹੀਂ ਲਭਦਾ, ਜੇ ਸਓ ਯਤਨ ਕਰਾਵੇ।ਵਡ ਨਰ ਨਾਰਾਂ ਦੀ ਸੰਗਤ, ਇਲਮ ਖ਼ਜ਼ਾਨੇ ਦਬੇ।ਵਾਜਬ ਹੈ ਪੋਥੀ ਦੀ ਥਾਂ, ਜਾ ਬੰਦਾ ਓਥੋਂ ਲਭੇ।ਸਾਡੇ ਕਾਲਜ ਮਦਰੱਸਿਆਂ ਨੂੰ, ਮੈਂ ਚਾਹਵਾਂ ਢਬ ਆਵੇ।ਪੁਸਤਕ ਦੀ ਥਾਂ ਬੰਦੇ ਵਾਚਣ ਤਾਂ ਬਿਗੜੀ ਬਣ ਜਾਵੇ।ਸੰਤ ਕਬੀਰ ਜੀ ਨੇ ਤਾਂ ਇਸ ਬਿਆਨ ਵਿਚ ਸਿਰੇ ਦੀ ਗੱਲ ਕਹਿ ਦਿੱਤੀ ਹੈ। ਆਪ ਕਹਿੰਦੇ ਹਨ ਕਿ ਜਿਸ ਤਰ੍ਹਾਂ ਚੰਦਨ ਦੇ ਨਾਲ ਰਲ ਕੇ ਲੱਕੜੀ, ਗੰਗਾ ਦੇ ਨਾਲ ਰਲ ਹੋਰ ਨਦੀਆਂ, ਖ਼ੁਸ਼ਬੂਦਾਰ ਤੇ ਪਵਿੱਤਰ ਹੋ ਜਾਂਦੀਆਂ ਹਨ ਤੇ ਪਾਰਸ ਨਾਲ ਲਗ ਧਾਤ, ਸੋਨਾ ਬਣਦੀ ਹੈ, ਉਸੇ ਤਰ੍ਹਾਂ ਹੀ ਕਬੀਰ ਸੰਤਾਂ ਦੀ ਸੰਗਤ ਕਰ ਰਾਮ ਹੋ ਗਿਆ ਹੈ: **ਸੰਤਨ ਸੰਗਿ ਕਬੀਰਾ ਬਿਗਰਿਓ॥**
**ਸੋ ਕਬੀਰੁ ਰਾਮੈ ਹੋਇ ਨਿਬਰਿਓ॥**
**(ਭੈਰਉ ਕਬੀਰ, ਅੰਗ ੧੧੫੮)**

ਇਸ ਸੰਗਤ ਦਾ ਸਭ ਤੋਂ ਅੰਤਮ ਮੁਕਾਮ ਸਤਿਸੰਗਤ ਹੈ, ਸਤਿਵਾਦੀ ਮਨੁੱਖਾਂ ਦੀ ਸੋਹਬਤ ਮਨੁੱਖ ਵਿਚ ਸਤਿ ਦਾ ਪ੍ਰਵੇਸ਼ ਕਰਾਂਦੀ ਹੈ; ਸਤਿ-ਬਚਨ ਤੋਂ ਸਤਿ ਚਿੰਤਨ, ਤੇ ਸਤਿ ਬਿਉਹਾਰ। ਇਹ ਅਸਰ ਕੇਵਲ ਸ਼ਖ਼ਸੀ ਹੀ ਨਹੀਂ ਹੁੰਦਾ ਸਗੋਂ ਕੌਮਾਂ ਭੀ ਵਿਅਕਤੀਆਂ ਵਾਂਗ ਹੀ ਸੰਗਤ ਦੇ ਅਸਰ ਨੂੰ ਕਬੂਲਦੀਆਂ ਹਨ। ਹਾਂ, ਇਹ ਗੱਲ ਜ਼ਰੂਰੀ ਹੈ ਕਿ ਅਸਰ ਕਬੂਲਣ ਵੇਲੇ ਦੋ ਮਿਲ ਬੈਠਣ ਵਾਲੀਆਂ ਕੌਮਾਂ ਦਾ ਪਹਿਲਾਂ ਮਾਨਸਕ ਘੋਲ ਹੁੰਦਾ ਹੈ। ਜਿਹੜੀ ਕੌਮ ਮਨ ਕਰ ਕੇ ਦੂਜੇ ਦੀ ਵਡਿਆਈ ਨੂੰ ਮੰਨ ਜਾਏ, ਉਹ ਉਸਦੇ ਮਗਰ ਲੱਗ ਤੁਰਦੀ ਹੈ ਤੇ ਸਹਿਜੇ ਸਹਿਜੇ ਆਪਣੇ ਆਪ ਨੂੰ ਉਸ ਦੇ ਰੂਪ ਵਿਚ ਢਾਲ ਦੇਂਦੀ ਹੈ। ਵਿਅਕਤੀਗਤ ਸੰਗਤ ਕਰਨ ਦੇ ਫਲ 'ਤੇ ਵਿਚਾਰ ਕਰਨ ਵਾਲਿਆਂ ਨੇ ਸਭ ਤੋਂ ਉਚੇਰੀ ਸੰਗਤ ਉਹਨਾਂ ਦੀ ਬਿਆਨ ਕੀਤੀ ਹੈ, ਜਿਨ੍ਹਾਂ ਦੇ ਮਿਲਣ ਨਾਲ ਦੁਰਬੁੱਧੀ ਨਾਸ ਹੋਵੇ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੀ ਸੰਗਤ ਮਿਲਦੀ ਮੁਸ਼ਕਲ ਹੈ ਤੇ ਉਹਦੀ ਭਾਲ ਲਈ ਭਾਰੀ ਤਲਾਸ਼ ਕਰਨੀ ਪੈਂਦੀ ਹੈ।

**ਜਿਨਾ ਦਿਸੰਦੜਿਆਂ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ॥ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥(ਵਾਰ ਗੂਜਰੀ, ਮ: ੫, ਅੰਗ ੫੨੦)**

ਪਰ ਜਿਨ੍ਹਾਂ ਵਡਭਾਗੀਆਂ ਨੂੰ ਅਜਿਹੀ ਸੰਗਤ ਮਿਲ ਗਈ ਹੈ, ਉਹਨਾਂ ਦੀਆਂ ਮਨੋ-ਕਾਮਨਾਂ ਪੂਰੀਆਂ ਹੋ ਗਈਆਂ ਹਨ। ਪਿੰਗਲੇ, ਪਰਬਤਾਂ ਤੋਂ ਪਾਰ ਲੰਘ ਗਏ, ਮੂਰਖ ਚਤੁਰ ਵਕਤੇ ਹੋ ਗਏ, ਅੰਨ੍ਹਿਆਂ ਨੂੰ ਤਿੰਨ ਭਵਨ ਸੁਝ ਪਏ, ਚਿੱਤ ਦੀ ਮੈਲ ਖੋਹੀ ਗਈ, ਇਹ ਸਭ ਕੁਝ ਸਾਧੂ ਦੀ ਸੰਗਤ ਦਾ ਹੀ ਫਲ ਹੈ:

ਪਿੰਗੁਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥
(ਬਿਲਾਵਲੁ ਮ. ੫, ਅੰਗ ੮੦੯)

ਇਹ ਹੈ ਉਹ ਬਚਨ, ਜੋ ਸ੍ਰੀ ਪੰਚਮ ਪਾਤਸ਼ਾਹ ਜੀ ਨੇ ਸੰਗਤ ਦੇ ਮੁਤਅੱਲਕ ਕੀਤਾ ਹੈ।ਹਜ਼ੂਰ ਨੇ ਇਹ ਵੀ ਫ਼ੁਰਮਾਇਆ ਹੈ ਕਿ ਸੱਚੀ ਸੰਗਤ ਵਿਚ ਬੈਠਣ ਨਾਲ ਹੀ ਸੱਚਾ ਨਾਮ ਤੇ ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ:

**ਸਚੀ ਸੰਗਤਿ ਬੈਸਣਾ, ਸਚਿ ਨਾਮਿ ਮਨੁ ਧੀਰ।**
**(ਸਿਰੀਰਾਗੁ ਮ: ੩, ਅੰਗ ੬੯)**

ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਬਨਸਪਤੀ, ਚੰਦਨ ਦੀ ਵਾਸ ਲੈ ਚੰਦਨ ਹੋ ਜਾਂਦੀ ਹੈ, ਪਾਰਸ ਨਾਲ ਮਿਲ ਅੱਠ ਧਾਤਾਂ ਵੀ ਸੋਨਾ ਬਣ ਜਾਂਦੀਆਂ ਹਨ ਤੇ ਨਦੀਆਂ ਨਾਲੇ ਗੰਗਾ ਨਾਲ ਮਿਲ ਪਵਿੱਤਰ ਹੁੰਦੇ ਹਨ, ਏਸੇ ਤਰ੍ਹਾਂ ਹੀ ਪਤਿਤ ਉੱਧਾਰਣ ਸਾਧ ਸੰਗਤ ਪਾਪਾਂ ਦੀ ਮਲ ਧੋ ਸੁਟਦੀ ਹੈ:

**ਚੰਦਨ ਵਾਸ ਵਣਾਸਪਤਿ ਸਭ ਚੰਦਨੁ ਹੋਵੈ॥**
**ਅਸ਼ਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸ ਢੋਵੈ॥**
**ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ॥**
**ਪਤਿਤ ਉਧਾਰਣੁ ਸਾਧਸੰਗੁ ਪਾਪਾਂ ਮਲੁ ਧੋਵੈ॥**
**(ਭਾਈ ਗੁਰਦਾਸ, ਵਾਰ ੨, ਪਉੜੀ ੧੬)**

ਸਤਿ ਪੁਰਸ਼ਾਂ ਨੇ ਸਤਿ ਸੰਗਤ, ਸਤਿ ਦੀ ਵੀਚਾਰ ਦੇ ਆਸਰੇ ਕਾਇਮ ਕੀਤੀ ਹੈ ਤੇ ਉਹਨਾਂ ਦੇ ਖ਼ਿਆਲ ਵਿਚ ਪ੍ਰੇਮ ਸਤਿ, ਪ੍ਰਭੂ ਦਾ ਨਾਮ ਹੈ, ਇਸ ਲਈ ਸਤਿ ਸੰਗਤ ਸਹੀ ਅਰਥਾਂ ਵਿਚ ਉਸਨੂੰ ਹੀ ਕਹਿੰਦੇ ਹਨ ਜਿਥੇ ਨਾਮ ਦਾ ਪਰਚਾਰ ਕੀਤਾ ਜਾਏ:

**ਸਤ ਸੰਗਤਿ ਕੈਸੀ ਜਾਣੀਐ॥**
**ਜਿਥੈ ਏਕੋ ਨਾਮੁ ਵਖਾਣੀਐ॥**
**(ਸਿਰੀਰਾਗੁ ਮ: ੧, ਅੰਗ ੭੨)**

ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ, ਉਹੀ ਇਕੱਠ ਚੰਗਾ ਹੈ ਜੋ ਮੌਲਾ ਦੀ ਯਾਦ ਲਈ ਹੋਵੇ, ਜਿਸ ਦੀ ਬੁਨਿਆਦ ਹੱਕ 'ਤੇ ਰਖੀ ਜਾਏ। ਜੋ ਬੰਦਗੀ ਲਈ ਜੁੜੇ, ਉਸ ਤੋਂ ਹੀ ਜ਼ਿੰਦਗੀ ਮਿਲਦੀ ਹੈ:ਆਂ ਹਜ਼ੂਮੇ ਬੇ ਕਿ ਬਹਿਰੇ ਯਾਦਿ ਓਸਤ,ਆਂ ਹਜ਼ੂਮੇ ਬੇ ਕਿ ਹਕ ਬੁਨਿਆਦ ਓਸਤ।ਆਂ ਹਜ਼ੂਮੇ ਬੇ ਕਿ ਬਹਿਰੇ ਬੰਦਗੀਸਤਆਂ ਹਜ਼ੂਮੇਂ ਬੇ ਕਿ ਮਹਿੰਜੇ ਜ਼ਿੰਦਗੀਸਤਸੰਗਤ ਦੇ ਵਰਤਾਰੇ ਵਿਚ ਮਨੋਬਿਰਤੀਆਂ ਦਾ ਮਸਲਾ ਇਕ ਖ਼ਾਸ ਗੱਲ ਹੈ। ਦੋ ਮਨ ਜਦ ਇਕੱਠੇ ਮਿਲ ਬਹਿੰਦੇ ਹਨ ਤਾਂ ਇਕ ਦੂਸਰੇ ਦਾ ਅਸਰ ਕਬੂਲਦੇ ਹਨ। ਇਸ ਅਸਰ ਕਬੂਲਣ ਵਿਚ ਜੋ ਵੀ ਦੂਜੇ ਨੂੰ ਆਪਣੇ ਨਾਲੋਂ ਵਿਸ਼ੇਸ਼ ਸਮਝ ਲਏ, ਉਹ ਮਗਰ ਲੱਗ ਤੁਰਦਾ ਹੈ। ਏਸੇ ਲਈ ਹੀ ਸਿਆਣਿਆਂ ਨੇ ਸੰਗਤ ਵਿਚ ਸਨਿਮਰ ਜਾਣ ਦੀ ਸਲਾਹ ਦਿਤੀ ਹੈ। ਨਿਮਰਤਾ ਤੋਂ ਬਗ਼ੈਰ ਮਨ ਸੰਗਤ ਦੇ ਗੁਣ ਘੱਟ ਗ੍ਰਹਿਣ ਕਰਦਾ ਹੈ। ਕਬੀਰ ਜੀ ਨੇ ਇਸ ਗੱਲ ਦਾ ਜ਼ਿਕਰ ਕਰਦਿਆਂ ਹੋਇਆਂ, ਚੰਦਨ ਤੇ ਬਾਂਸ ਦਾ ਪ੍ਰਮਾਣ ਦਿੱਤਾ ਹੈ। ਆਪ ਕਹਿੰਦੇ ਹਨ ਕਿ ਜਿੱਥੇ ਤਮਾਮ ਬਨਸਪਤੀ, ਚੰਦਨ ਤੋਂ ਖ਼ੁਸ਼ਬੂ ਲੈਂਦੀ ਹੈ ਉਥੇ ਨਜ਼ਦੀਕ ਖੜੋਤਾ ਹੋਇਆ ਬਾਂਸ ਆਪਣੀ ਉੱਚ ਦੇ ਅਭਿਮਾਨ ਤੇ ਅੰਦਰਲੇ ਪੁਲਾੜ ਕਰਕੇ ਚੰਦਨ ਦੀ ਸੰਗਤ ਤੋਂ ਸੁਗੰਧੀ ਨਹੀਂ ਲੈ ਸਕਦਾ:

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਬੂਡਹੁ ਕੋਇ॥**
**ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨਾ ਹੋਇ॥੧੨॥**
**(ਸਲੋਕ ਕਬੀਰ, ਅੰਗ ੧੩੬੫)**

ਮਨੁੱਖ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ, ਤੇ ਅਭਿਮਾਨ ਕਰ ਸੰਗਤ ਦੇ ਲਾਭ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ। ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਗਤ ਨੂੰ ਮਨ ਦੇਣ ਤੋਂ ਪਹਿਲਾਂ ਇਹ ਵਿਚਾਰ ਲੈਣਾ ਚਾਹੀਦਾ ਹੈ ਕਿ ਉਹ ਸੰਗਤ ਅਸਲ ਵਿਚ ਕੁਝ ਉਚੇਰੇ ਗੁਣਾਂ ਦੇ ਆਸਰੇ ਕਾਇਮ ਹੈ ਕਿ ਨਹੀਂ। ਕਿਉਂਕਿ ਇਹ ਜ਼ਰੂਰੀ ਨਹੀਂ ਕਿ ਹਰ ਸ਼ੈਅ ਜਿਹੜੀ ਚਮਕੇ ਉਹ ਲਾਲ ਹੀ ਹੋਵੇ ਜਾਂ ਹਰ ਮਿਠਬੋਲਾ ਆਦਮੀ ਬਚਨ ਨੂੰ ਪਾਲ ਸਕੇ:ਹਰ ਚੀਜ਼ ਜੋ ਚਮਕੇ ਸਦਾ ਲਾਲ ਨਹੀਂ ਹੁੰਦੀ।ਮਿਠੇ ਬੋਲ ਜੋ ਬੋਲੇ ਪ੍ਰਣ ਪਾਲ ਨਹੀਂ ਹੁੰਦੀ।ਕਈ ਵੇਰ ਤਪਦੇ ਹੋਏ ਮਾਰੂਥਲ, ਮਾਸੂਮ ਮਿਰਗਾਂ ਨੂੰ ਨਿਰਮਲ ਨੀਰ ਦੇ ਤਾਲਾਬ ਨਜ਼ਰ ਆਉਂਦੇ ਹਨ। ਏਸੇ ਤਰ੍ਹਾਂ ਬਹੁਤ ਸਾਰੇ ਗੁਣਗਰਾਹੀ ਸਹਿਬਲ ਹੋਏ ਅਜਿਹੀ ਸੰਗਤ 'ਤੇ ਵੀ ਭਰਮ ਜਾਂਦੇ ਹਨ ਜੋ ਅਗਲੇ ਗੁਣਾਂ ਨੂੰ ਵੀ ਲੈ ਬਹੇ। ਕਾਬਲ ਦਾ ਮਸ਼ਹੂਰ ਜਰਨੈਲ ਬਾਈਆਜ਼ੀਦ ਖ਼ਾਨ ਵੈਰਾਗ ਦੀ ਠੋਕਰ ਖਾ ਸਾਧੂ ਹੋ ਗਿਆ ਤੇ ਸੰਪਰਦਾ ਦੇ ਨਾਮ 'ਤੇ ਭੁੱਲ ਕੇ ਬੈਰਾਗੀਆਂ ਨਾਲ ਰਲ ਗਿਆ। ਨਾਮ ਦੇ ਬੈਰਾਗੀ ਜੋ ਅਸਲ ਵਿਚ ਮੰਗ-ਖਾਣੇ, ਕਰਮ-ਯੋਗ-ਹੀਣ ਮਨੁੱਖਾਂ ਦਾ ਇਕ ਟੋਲਾ ਸੀ, ਬਹੁਤ ਸਾਰਾ ਸੋਨੇ ਦਾ ਸਾਜ਼ੋ-ਸਾਮਾਨ ਕੋਲ ਰਖਦਾ ਸੀ। ਇਕ ਰਾਤ ਉਨ੍ਹਾਂ 'ਤੇ ਡਾਕਾ ਪਿਆ। ਮਾਲ ਜਾਂਦਾ ਰਿਹਾ ਤੇ ਧਨੀ ਬੈਰਾਗੀ ਸਾਧਾਂ ਦੇ ਲੁੱਟੇ ਜਾਣ ਦੀ ਖ਼ਬਰ ਸੁਣ ਕੇ ਸਮੇਂ ਦੀ ਪੁਲੀਸ ਤਹਿਕੀਕਾਤ ਲਈ ਆਈ। ਪੁਲੀਸ ਦੇ ਵੱਡੇ ਅਫ਼ਸਰ ਨੇ ਜਦੋਂ ਪੁੱਛ-ਗਿਛ ਕਰਦਿਆਂ ਹੋਇਆਂ, ਇਸ ਗੋਰੇ ਰੰਗ ਦੇ ਬਜ਼ੀਦੇ ਨਾਮੀ ਸਾਧੂ ਨੂੰ ਦੇਖਿਆ, ਤਾਂ ਉਸਨੂੰ ਸਾਧੂ ਦੇ ਬਾਈਆਜ਼ੀਦ ਖ਼ਾਨ ਹੋਣ ਦਾ ਸ਼ੱਕ ਪਿਆ, ਜੋ ਪੜਤਾਲ ਕਰਨ 'ਤੇ ਸੱਚ ਨਿਕਲਿਆ। ਅਫ਼ਸਰ ਨੇ ਹੈਰਾਨ ਹੋ ਕੇ ਕਿਹਾ, "ਨਾਮੀ ਸੂਰਮੇ ਜਰਨੈਲ ਬਾਈਆਜ਼ੀਦ ਖ਼ਾਨ ਦੇ ਹੁੰਦੇ ਹੋਇਆਂ, ਡਾਕੂਆਂ ਨੂੰ ਸਾਧਾਂ 'ਤੇ ਡਾਕਾ ਮਾਰਨ ਦਾ ਹੌਸਲਾ ਕਿਸ ਤਰ੍ਹਾਂ ਪਿਆ?" ਬਜ਼ੀਦੇ ਨੇ ਲੱਜਾਅ ਕੇ ਕਿਹਾ, "ਜਦੋਂ ਮੈਂ ਪਠਾਣ-ਪੁੱਤਰ ਸਾਂ, ਦਸਤਿਆਂ ਦੇ ਮੂੰਹ ਮੋੜ ਦੇਣਾ ਮੇਰਾ ਕੰਮ ਸੀ, ਪਰ ਜਦੋਂ ਦਾ ਸਾਧਾਂ ਦੀ ਸੰਗਤ ਵਿਚ ਬੈਠਾ ਹਾਂ, ਇਕ ਤੀਲਾ ਵੀ ਨਹੀਂ ਟੁੱਟਦਾ।"ਜਬ ਹੁਤੇ ਪੂਤ ਅਫ਼ਗਾਨ ਕੇ ਦੇਤੇ ਦਸਤੇ ਮੋੜ।ਅਬ ਸਰਨ ਗਹੀ ਰਘੁਨਾਥ ਕੀ ਸਕੇ ਨਾ ਤਿਨਕਾ ਤੋੜ।ਨਿਰਾ ਨਾਮ 'ਤੇ ਭੁੱਲ, ਤੇ

ਬਾਕੀ ਸਫ਼ਾ 3 'ਤੇ

# ਮਹਾਰਾਜਾ ਦਲੀਪ ਸਿੰਘ ਤੇ ਉਸ ਦੀ ਮਾਂ ਦੀ ਵਾਰਤਾਲਾਪ



ਜਦ ਅੰਗਰੇਜ਼ਾਂ ਨੇ 1849 ਈ: ਵਿੱਚ ਖਾਲਸਾ ਰਾਜ ਸਮਾਪਤ ਕਰਕੇ ਛੋਟੀ ਉਮਰ ਦੇ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਤੇ ਉਸ ਦੀ ਮਾਂ ਮਹਾਰਾਣੀ ਜਿੰਦਾਂ ਨੂੰ ਨਿਪਾਲ ਵਿੱਚ ਨਜ਼ਰਬੰਦ ਕਰ ਦਿੱਤਾ ਤਾਂ ਦੋਨੋਂ ਮਾਂ ਪੁੱਤ ਇਕ ਦੂਜੇ ਨੂੰ ਦੇਖਣ ਤੋਂ ਤਰਸ ਗਏ । ਇਕ ਪਾਸੇ ਸ਼ਕਤੀਸ਼ਾਲੀ ਮਹਾਨ ਰਾਜ ਖੁੱਸਣ ਦਾ ਗ਼ਮ ਤੇ ਦੂਜੇ ਪਾਸੇ ਜੁਦਾਈ ਦਾ ਦੁੱਖ ਦੋਹਾਂ ਕੋਲੋਂ ਝੱਲਿਆ ਨਹੀਂ ਸੀ ਜਾ ਰਿਹਾ ਪਰ ਦੋਨੋਂ ਬੇਵੱਸ ਸਨ ।ਇਵੇਂ ਹੀ ਜਿਵੇਂ ਕੋਈ ਪੰਛੀ ਜੰਦਰਾ ਲੱਗੇ ਪਿੰਜਰੇ ਵਿੱਚ ਡੱਕਿਆ ਬੇਵੱਸ ਹੁੰਦਾ ਹੈ ਮਹਾਰਾਣੀ ਆਪਣੇ ਬਾਲਕ ਪੁੱਤਰ ਦਲੀਪ ਸਿੰਘ ਨੂੰ ਯਾਦ ਕਰ ਕਰਕੇ ਸਾਰਾ-ਸਾਰਾ ਦਿਨ ਰੋਂਦੀ ਰਹਿੰਦੀ । ਇਹ ਕਰਮ ਕਈ ਸਾਲ ਲਗਾਤਾਰ ਚਲਦਾ ਰਿਹਾ ਜਿਸ ਕਾਰਨ ਉਸ ਦੀਆਂ ਅੱਖਾਂ ਦੀ ਜੋਤ ਜਾਂਦੀ ਰਹੀ । ਉਸ ਸਰਕਾਰ ਅੱਗੇ ਬੜੇ ਵਾਸਤੇ ਪਾਏ ਕਿ ਇਕ ਵਾਰੀ ਉਸ ਦਾ ਉਸ ਦੇ ਪੁੱਤਰ ਨਾਲ ਮੇਲ ਕਰਾ ਦੇਵੇ । ਅੰਗਰੇਜ਼ ਸਰਕਾਰ ਕਈ ਸ਼ਰਤਾਂ 'ਤੇ ਇਵੇਂ ਕਰਨਾ ਮੰਨ ਗਈ ਪਰ ਨਿਪਾਲ ਸਰਕਾਰ ਨੇ ਕਿਹਾ ਕਿ ਜੇਕਰ ਮਹਾਰਾਣੀ ਇਕ ਵਾਰੀ ਨਿਪਾਲ ਦੇਸ਼ ਤੋਂ ਬਾਹਰ ਚਲੀ ਗਈ ਤਾਂ ਉਸ ਦੀ ਗੁਜ਼ਾਰਾ ਪੈਨਸ਼ਨ ਬੰਦ ਕਰ ਦਿੱਤੀ ਜਾਵੇਗੀ । ਮਹਾਰਾਣੀ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ ਤੇ ਆਖਰ 1861 ਈ: ਵਿੱਚ ਉਹ ਘੜੀ ਆ ਹੀ ਗਈ ਜਦ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਤੋਂ ਕਲਕੱਤੇ ਲਿਆਂਦਾ ਗਿਆ ਤੇ ਮਾਂ ਨਿਪਾਲ ਤੋਂ ਉਸ ਨੂੰ ਮਿਲਣ ਆਈ । ਦੋਨੋਂ ਮਾਂ ਪੁੱਤਰ ਇਕੱਠੇ ਹੋਏ । ਅੰਨ੍ਹੀ ਮਾਂ ਨੇ ਪੁੱਤਰ ਨੂੰ ਗਲਵੱਕੜੀ ਵਿੱਚ ਲਿਆ ਤੇ ਬੜੀ ਰੋਈ; ਉਸ ਨੂੰ ਅਸੀਸਾਂ ਦਿੱਤੀਆਂ ਤੇ ਪਿਆਰ ਨਾਲ ਉਸ ਦੇ ਸਿਰ 'ਤੇ ਹੱਥ ਫੇਰਨਾ ਚਾਹਿਆ । ਅਜਿਹਾ ਕਰਦਿਆਂ ਹੀ ਉਸ ਦੀਆਂ ਚੀਕਾਂ ਨਿਕਲ ਗਈਆਂ। ਉੱਚੀ-ਉੱਚੀ ਸਿਆਪਾ ਕਰਨਾ ਸ਼ੁਰੂ ਕਰ ਦਿੱਤਾ । ਦਲੀਪ ਸਿੰਘ ਨੇ ਕਾਰਨ ਪੁੱਛਿਆ ਤਾਂ ਮਾਂ ਨੇ ਕਿਹਾ ਕਿ ਸਾਰਾ ਰਾਜ-ਭਾਗ ਚਲੇ ਜਾਣ ਦਾ ਉਸ ਨੂੰ ਇਤਨਾ ਦੁੱਖ ਨਹੀਂ ਹੋਇਆ ਜਿਤਨਾ ਉਸ ਨੂੰ ਦਲੀਪ ਦੇ ਕੇਸ ਕਟਵਾਉਣ ਦਾ ਹੋਇਆ ਹੈ । ਉਸ ਨੇ ਪੁੱਤਰ ਨੂੰ ਫਿਟਕਾਰਾਂ ਪਾਈਆਂ, ਆਪਣੀ ਕਿਸਮਤ ਨੂੰ ਕੋਸਿਆ ਕਿ ਹੋਣੀਏਂ ! ਤੂੰ ਇਸ ਗਰੀਬਣੀ ਨਾਲ ਇਹ ਘਿਨਾਉਣਾ ਮਜ਼ਾਕ ਹੋਰ ਕਿਉਂ ਕੀਤਾ ਏ ? ਕੀ ਉਹ ਪਹਿਲੇ ਸੁਖੀ ਸੀ ਜੋ ਉਸ ਨੂੰ ਇਸ ਨਵੇਂ ਕਸ਼ਟ ਵਿੱਚ ਸੁੱਟਿਆ ਈ ? ਪਤਾ ਨਹੀਂ ਕੀ-ਕੀ ਮਹਾਰਾਣੀ ਬੋਲਦੀ ਗਈ! ਉਸ ਦੇ ਕਹਿਣ ਅਨੁਸਾਰ ਰਾਜ-ਭਾਗ ਜਾਣ ਨਾਲ ਉਸ ਨੂੰ ਕੋਈ ਮਾਨਸਿਕ ਦੁੱਖ ਨਹੀਂ ਹੋਇਆ ਪਰ ਪੁੱਤਰ ਦੀ ਸਿੱਖੀ ਖੁੱਸ ਜਾਣ ਨਾਲ ਉਸ ਦੀ ਆਤਮਾ ਤੱਕ ਲੀਰੋ-ਲੀਰੋ ਹੋ ਗਈ ਹੈ। ਕਾਸ਼ ਉਸ ਨੂੰ ਇਹ ਦਿਨ ਦੇਖਣਾ ਨਸੀਬ ਨਾ ਹੁੰਦਾ ! ਮਹਾਰਾਜਾ ਦਲੀਪ ਸਿੰਘ ਮਾਂ ਦੇ ਦੁੱਖ ਨੂੰ ਜਾਣਦਾ ਸੀ । ਉਹ ਖੁਦ ਬੜਾ ਦੁਖੀ ਸੀ । ਉਸ ਨੇ ਕਿਹਾ ਕਿ ਜਦ ਅੰਗਰੇਜ਼ ਉਸ ਨੂੰ ਇੰਗਲੈਂਡ ਲੈ ਗਏ ਤਾਂ ਉਹਨਾਂ ਨੇ ਧੱਕੇ ਨਾਲ ਉਸ ਦਾ ਧਰਮ ਪਰਿਵਰਤਤ ਕੀਤਾ। ਉਸ ਵਕਤ ਉਹ ਬੱਚਾ ਸੀ ਤੇ ਉਸ ਪਾਸ ਕੋਈ ਚਾਰਾ ਨਹੀਂ ਸੀ ਪਰ ਉਹ ਖੁਦ ਇਸ ਅਮਾਨਵੀ ਜ਼ੁਲਮ ਨੂੰ ਅਸਾਨੀ ਨਾਲ ਨਹੀਂ ਝੱਲ ਸਕਿਆ । ਉਸ ਤਰਲੇ ਦੀ ਭਾਵਨਾ ਵਿੱਚ ਕਿਹਾ ਕਿ 'ਇਹ ਠੀਕ ਹੈ ਮਾਂ, ਕਿ ਮੇਰੇ ਕੇਸ ਨਹੀਂ ਹਨ ਪਰ ਮੇਰੇ ਅੰਦਰ ਮੇਰਾ ਗੁਰੂ ਪੂਰੀ ਤਰ੍ਹਾਂ ਵਸਿਆ ਹੋਇਆ ਹੈ ।ਤੂੰ ਮੈਨੂੰ ਆਸ਼ੀਰਵਾਦ ਦੇਹ ਕਿ ਮੈਂ ਫਿਰ ਸਿੱਖੀ ਸਰੂਪ ਧਾਰਨ ਕਰ ਕੇ ਗੁਰੂ ਦੀ ਸ਼ਰਨ ਵਿੱਚ ਆ ਸਕਾਂ । ਮੈਨੂੰ ਆਪਣੇ ਰਾਜ-ਭਾਗ ਨਾਲੋਂ ਸਿੱਖੀ ਤੇ ਕੇਸ ਵਧੇਰੇ ਮਹੱਤਵਪੂਰਨ ਲੱਗਦੇ ਹਨ । ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਦਾਅ ਲੱਗਦੇ ਹੀ ਮੈਂ ਅੰਮ੍ਰਿਤ ਛਕ ਕੇ ਸਿੰਘ ਸਜਾਂਗਾ । ਇਹ ਮੇਰੀ ਪਹਿਲੀ ਤੇ ਅੰਤਮ ਇੱਛਾ ਹੈ।' ਪੁੱਤਰ ਦੀ ਮਜਬੂਰੀ ਭਰੇ ਜਜ਼ਬੇ ਨੂੰ ਸੁਣ ਕੇ ਮਾਂ ਨੂੰ ਕੁਛ ਧਰਵਾਸ ਹੋਇਆ ਪਰ ਉਹ ਉਸ ਦੁੱਖ ਨੂੰ ਬਹੁਤੀ ਦੇਰ ਤੱਕ ਜਰ ਨਾ ਸਕੀ ਤੇ ਪੁੱਤਰ ਨਾਲ ਇੰਗਲੈਂਡ ਪਹੁੰਚ ਕੇ ਪ੍ਰਾਣ ਤਿਆਗ ਦਿੱਤੇ । ਕਵੀ "ਜਾਚਕ" ਉਕਤ ਸਾਰੀ ਘਟਨਾ ਨੂੰ ਇਕ ਬੰਦ ਵਿੱਚ ਇਵੇਂ ਕਲਮ-ਬੰਦ ਕਰਦਾ ਹੈ:ਵਿਛੜੀ ਜਿੰਦਾਂ ਨੂੰ ਜਦੋਂ ਦਲੀਪ ਮਿਲਿਆ, ਧਾਹਾਂ ਮਾਰ ਸੀ ਰੋਈ ਮਜਬੂਰ ਮਾਤਾ, ਜੂੜਾ ਪੁੱਤ ਦੇ ਸਿਰ ਨਾ ਵੇਖ ਕੇ ਤੇ ।ਹੋ ਗਈ ਟੁੱਟ ਕੇ ਚਕਨਾ ਚੂਰ ਮਾਤਾ ।ਅੱਗੋਂ ਕਿਹਾ ਉਸ ਮਾਂ ਦੇ ਚਰਨ ਫੜ ਕੇ, ਫਰੰਗੀ ਕੀਤਾ ਏ ਸਿੱਖੀ ਤੋਂ ਦੂਰ ਮਾਤਾ ।ਅੰਮ੍ਰਿਤ ਛਕ ਕੇ ਸਜੂੰ ਮੈਂ ਸਿੰਘ ਪੂਰਾ,ਸਹੁੰ ਖਾਂਦਾ ਹਾਂ ਤੇਰੇ ਹਜ਼ੂਰ ਮਾਤਾ ।ਜ਼ਿੰਦਗੀ ਦੇ ਬਾਕੀ ਸਾਲਾਂ ਵਿੱਚ ਦੁਖੀ ਆਤਮਾ ਵਾਲੇ ਦਲੀਪ ਸਿੰਘ ਨੇ ਇੰਗਲੈਂਡ ਤੋਂ ਚੋਰੀ ਨੱਸ ਨਿਕਲਣ ਦੇ ਪ੍ਰਯਤਨ ਕੀਤੇ । ਇਕ ਵਾਰੀ ਤਾਂ ਮਿਸਰ ਤੱਕ ਪਹੁੰਚ ਵੀ ਗਿਆ ਪਰ ਫੜਿਆ ਗਿਆ। "ਦੁਖੀਏ ਮਾਂ ਪੁੱਤ" ਪੁਸਤਕ ਅਨੁਸਾਰ ਮਹਾਰਾਜੇ ਨੇ ਆਪਣੀ ਮਾਂ ਦੇ ਭੂਆ ਦੇ ਪੁੱਤਰ ਸ. ਸੰਤਾ ਸਿੰਘ ਨਿਵਾਸੀ ਪਿੰਡ ਐਮਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਇੰਗਲੈਂਡ ਤੋਂ 9 ਮਾਰਚ 1886 ਨੂੰ ਪੱਤਰ ਲਿਖਿਆ ਕਿ ਉਹ ਜਲਦੀ ਹੀ ਭਾਰਤ ਪਹੁੰਚ ਕੇ ਆਪਣੇ ਚਚੇਰੇ ਭਰਾ ਸ. ਠਾਕਰ ਸਿੰਘ ਸੰਧਾਵਾਲੀਆ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਆਪਣੀ ਮਾਂ ਨੂੰ ਦਿੱਤੇ ਬਚਨ ਪੂਰੇ ਕਰੇਗਾ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ । ਇਹ ਗੱਲ ਵੀ ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਗਈ।ਉਨ੍ਹਾਂ ਨੇ ਉਸ ਨੂੰ ਪਹਿਲੇ ਡਰਾਇਆ ਧਮਕਾਇਆ ਪਰ ਮਹਾਰਾਜੇ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਫਿਰ ਉਸ ਨੂੰ ਲਾਲਚ ਦਿੱਤਾ ਕਿ ਉਸ ਦੀ ਵਾਰਸ਼ਕ ਪੈਨਸ਼ਨ ਵਧਾ ਕੇ 5 ਲੱਖ ਰੁ: ਕਰ ਦਿੱਤੀ ਜਾਵੇਗੀ ਇਸ ਲਈ ਉਹ ਸਿੰਘ ਸਜਣ ਅਤੇ ਭਾਰਤ ਜਾਣ ਦੀ ਜ਼ਿਦ ਛੱਡ ਦੇਵੇ ਪਰ ਮਹਾਰਾਜਾ ਆਪਣੀ ਆਤਮਾ ਦੀ ਅਵਾਜ਼ ਤੋਂ ਮਜਬੂਰ ਸੀ ।ਉਹ ਮੌਕਾ ਮਿਲਦੇ ਹੀ ਫਿਰ ਭਾਰਤ ਲਈ ਚਲ ਪਿਆ। ਸਰਕਾਰ ਨੇ ਉਸ ਦੇ ਮਨਸੂਬੇ ਕਾਮਯਾਬ ਨਾ ਹੋਣ ਦਿੱਤੇ । ਮਹਾਰਾਜੇ ਦਾ ਦਿਲ ਟੁੱਟ ਗਿਆ ਤੇ ਆਖਿਰ ਸਿੰਘ ਸਜਣ ਦੀ ਉਮੰਗ ਨੂੰ ਦਿਲ ਵਿੱਚ ਸਮੋਈ ਰੱਖ ਕੇ ਉਹ 1893 ਈ: ਨੂੰ ਇੰਗਲੈਂਡ ਵਾਪਸ ਪਰਤਦਿਆਂ ਫਰਾਂਸ ਵਿੱਚ ਇਕ ਹੋਟਲ ਵਿੱਚ ਮਰ ਗਿਆ । ਕੁਦਰਤ ਦੀ ਸਿਤਮ ਜ਼ਰੀਫੀ ਦੇਖੋ ! ਜਿਹੜਾ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ-ਕਾਲ ਵਿੱਚ ਸੋਹਣੀ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਵਿੱਚ ਜਾਗੀਰਾਂ ਦੇ ਕੇ ਪ੍ਰਸੰਨਤਾ ਅਨੁਭਵ ਕਰਦਾ ਸੀ ਉਸ ਦੇ ਆਪਣੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਸਾਰੀ ਉਮਰ ਦੇ ਠੋਸ ਪ੍ਰਯਤਨਾਂ ਸਦਕਾ ਵੀ ਦਸਤਾਰ ਸਜਾਉਣੀ ਨਸੀਬ ਨਹੀਂ ਹੋਈ। ਪਰ ਇਹ ਸਾਰੀ ਵਿਥਿਆ ਕਿਤਨੀ ਉੱਚੀ ਅਵਾਜ਼ ਨਾਲ ਸਾਡੀ ਜ਼ਮੀਰ, ਸਾਡੀ ਆਤਮਾ, ਸਾਡੇ ਮਨ ਨੂੰ ਝੰਜੋੜਦੀ ਹੈ ਕਿ ਸਿੱਖ ਲਈ ਕੇਸ ਤੇ ਦਸਤਾਰ ਇਤਨੇ ਅਵੱਸ਼ਕ ਹਨ ਜਿਤਨੇ ਉਸ ਦੇ ਜੀਉਣ ਲਈ ਪ੍ਰਾਣ ਤੇ ਹਵਾ ।ਕੇਸਾਂ ਨੂੰ ਸੰਭਾਲੋ ਤੁਸੀਂ ਸਿੰਘੋ ਸੂਰਿਓ ! ਸਿੱਖੀ ਨੂੰ ਸੰਵਾਰੋ ਤੁਸੀਂ ਸਿੰਘੋ ਸੂਰਿਓ !

**ਸਰੂਪ ਸਿੰਘ ਅਲੱਗ**

## ਸਫ਼ਾ 2 ਦੀ ਬਾਕੀ

ਸਫ਼ਾ 2 ਦੀ ਬਾਕੀ

ਸੰਗਤ ਦੀ ਅਸਲੀਅਤ ਨੂੰ ਨਾ ਪਛਾਣਨ ਕਰਕੇ ਖ਼ਾਨ ਵਿਚਾਰਾ ਖ਼ਾਨਦਾਨੀ ਜੌਹਰ ਬੀਰਤਾ ਨੂੰ ਵੀ ਖੋ ਬੈਠਾ। ਇਸ ਦੇ ਐਨ ਉਲਟ ਜੇ ਸੁਭਾਗ-ਵੱਸ ਸਹੀ ਸੰਗਤ ਪ੍ਰਾਪਤ ਹੋ ਜਾਏ, ਤਾਂ ਗਵਾਚੇ ਹੋਏ ਗੁਣ ਫਿਰ ਲੱਭ ਪੈਂਦੇ ਹਨ। ਪਠਾਣ ਬਾਈਆਜ਼ੀਦ ਖ਼ਾਨ ਵਾਂਗ ਹੀ, ਬੀਰ ਰਾਜਪੂਤ ਲਛਮਣ ਦਾਸ ਵੀ 'ਮਾਧੋ ਦਾਸ ਬੈਰਾਗੀ' ਬਣ ਬੀਰਤਾ ਨੂੰ ਖੋ ਚੁੱਕਾ ਸੀ। ਜਦੋਂ ਪੂਰਬਲੇ ਕਰਮਾਂ ਦੇ **ਅੰਕੁਰ ਫੁੱਟੇ, ਰਸਕ ਬੈਰਾਗੀ ਪੁਰਖ ਮਿਲੇ।**

**ਪੂਰਬ ਕਰਮ ਅੰਕੁਰ ਜਬ ਪ੍ਰਗਟੇ,**
**ਭੇਟਿਓ ਪੁਰਖੁ ਰਸਿਕ ਬੈਰਾਗੀ ।। (ਗਉੜੀ ਮ: ੫)**

ਬੈਰਾਗੀ ਸਿੱਧ ਮਾਧੋ ਦਾਸ, ਆਸ਼ਰਮ ਵਿਚ ਬੱਕਰੇ ਝਟਕਾਏ ਜਾਣ ਦੀ ਗੱਲ ਸੁਣ, ਰੋਹ ਭਰਿਆ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਆਣ ਖਲੋਤਾ। ਨੂਰੀ ਨੈਣਾਂ ਵਿਚ ਨੈਣ ਪਏ, ਨੇਹੁੰ ਜਾਗਿਆ, ਸਤਿਗੁਰਾਂ ਦਾ ਬੰਦਾ ਹੋਇਆ, ਸੁੱਤੀ ਹੋਈ ਬੀਰਤਾ ਜਾਗ ਪਈ ਤੇ ਜਾਗੀ ਵੀ ਨਵੇਂ ਰੂਪ ਵਿਚ। ਜਿਸ ਤਰ੍ਹਾਂ ਥਕਿਆ ਹੋਇਆ ਮਨੁੱਖ ਸੌਂ ਕੇ ਤਾਜ਼ਾ ਹੋ ਉਠਦਾ ਹੈ, ਉਦਾਂ ਹੀ ਬੰਦੇ ਵਿਚ ਬੀਰਤਾ ਨਵ-ਜੀਵਨ ਲੈ ਉਠੀ, ਤੇ ਬੱਕਰੇ ਦੇ ਖ਼ੂਨ ਨੂੰ ਤੱਕ ਘਬਰਾ ਉੱਠਣ ਵਾਲਾ ਬੈਰਾਗੀ, ਮਹਾਂਬੀਰ ਬੰਦਾ ਸਿੰਘ ਹੋ ਚਮਕਿਆ।ਭਾਵੇਂ ਸੰਗਤ ਦਾ ਲਾਭ ਲੈਣ ਲਈ ਜਗਿਆਸੂ ਦਾ ਸਨਿਮਰ ਹੋਣਾ ਬੜਾ ਜ਼ਰੂਰੀ ਹੈ, ਪਰ ਕਈ ਹਾਲਤਾਂ ਵਿਚ ਭਾਗ ਅਜੇਹੀਆਂ ਹਸਤੀਆਂ ਨਾਲ ਮਿਲਾ ਦੇਂਦੇ ਹਨ, ਜਿਨ੍ਹਾਂ ਦਾ ਪ੍ਰਭਾਵ ਇਤਨਾ ਤੀਬਰ ਹੁੰਦਾ ਹੈ ਕਿ ਉਹ ਆਉਣ ਵਾਲੇ ਦੇ ਸੁਭਾਅ ਤੋਂ ਬੇ-ਪ੍ਰਵਾਹ ਰਹਿ ਫ਼ੈਜ਼ ਪਹੁੰਚਾ ਦੇਂਦੀਆਂ ਹਨ। ਜਿਸ ਤਰ੍ਹਾਂ ਸੂਰਜ ਦੀ ਤ੍ਰਿਖੀ ਕਿਰਨ ਬਰਫ਼ ਦੇ ਠੰਢੇ ਮਨ ਨੂੰ ਨਿੱਘ ਦੇਂਦੀ ਹੈ, ਉਹੀ ਹਾਲਤ ਇਹਨਾਂ ਮਹਾਂਪੁਰਖਾਂ ਦੀ ਮਿਹਰ ਦੀ ਹੁੰਦੀ ਹੈ। ਪੁਰਾਣਕ ਨਿਸਚਾ ਹੈ ਕਿ ਕੰਸ ਨੇ ਕ੍ਰਿਸ਼ਨ ਨਾਲ ਤੇ ਰਾਵਣ ਨੇ ਰਾਮ ਨਾਲ ਕੇਵਲ ਇਸ ਲਈ ਦੁਸ਼ਮਣੀ ਪਾਈ ਸੀ ਕਿ ਉਹਨਾਂ ਦੇ ਹੱਥੋਂ ਮਰਨ ਲਗਿਆਂ ਦਰਸ਼ਨਾਂ ਦੇ ਲਾਭ ਕਰ ਮੁਕਤੀ ਪ੍ਰਾਪਤ ਹੋ ਜਾਏਗੀ। ਪੁਰਾਣਕ ਮਨੌਤਾਂ ਤੋਂ ਬਿਨਾਂ ਵਾਕਿਆਤ ਦੀ ਦੁਨੀਆ ਵਿਚ ਅਜਿਹੇ ਪ੍ਰਮਾਣ ਬਹੁਤ ਮਿਲਦੇ ਹਨ। ਇਸਲਾਮੀ ਦੁਨੀਆ ਦਾ ਮਸ਼ਹੂਰ ਖ਼ਲੀਫ਼ਾ ਉਮਰ, ਘਰੋਂ ਮੁਹੰਮਦ ਸਾਹਿਬ ਨੂੰ ਕਤਲ ਕਰਨ ਦੇ ਇਰਾਦੇ ਨਾਲ ਤਲਵਾਰ ਲੈ ਤੁਰਿਆ ਸੀ, ਪਰ ਉਹਨਾਂ ਦੀ ਸ਼ੁਭ ਸੰਗਤ ਦਾ ਫਲ ਇਹ ਹੋਇਆ ਕਿ ਉਹ ਇਕ ਦਿਨ ਕੁਲ ਮੁਸਲਮਾਨਾਂ ਦਾ ਸਰਦਾਰ ਤੇ ਮਸ਼ਹੂਰ ਆਦਿਲ ਖ਼ਲੀਫ਼ਾ ਉਮਰ ਹੋ ਗਿਆ।ਸੰਗਲਾਦੀਪ ਦੇ ਰਾਜ ਮਹੱਲ ਵਿਚ ਦਿਨ ਛਿਪਦਿਆਂ ਤੋਂ ਹੀ ਰੌਣਕਾਂ ਹੋ ਰਹੀਆਂ ਸਨ। ਰੰਗ ਬਰੰਗੇ ਫ਼ਾਨੂਸਾਂ ਨਾਲ ਕਮਰੇ ਜਗਮਗਾ ਉਠੇ। ਸੁਨਹਿਰੀ ਚਿੱਤਰਕਾਰੀ ਸਹਿਤ ਬਣੀਆਂ ਹੋਈਆਂ ਦੀਵਾਰਾਂ 'ਤੇ ਕਿਰਨਾਂ ਪੈ ਪੈ ਚਾਨਣ ਨੂੰ ਦੂਬਾਲਾ ਕਰ ਰਹੀਆਂ ਸਨ। ਸੁਰ ਹੋਏ ਸਾਜ਼ ਵੱਜ ਰਹੇ ਸਨ, ਕਮਾਂ, ਕੰਬਲਾ ਨਾਇਕਾਂ ਨਿਰਤ ਕਰ ਰਹੀਆਂ ਸਨ ਤੇ ਮ੍ਰਿਗ ਨੈਣੀ, ਚੰਦ੍ਰ ਮੁਖੀਆਂ ਅੰਗੂਰੀ ਸ਼ਰਾਬ ਦੇ ਜਾਮ 'ਤੇ ਜਾਮ, ਸੁਨਹਿਰੀ ਪਲੰਘ 'ਤੇ ਰੇਸ਼ਮੀ ਗਦ੍ਹੇਲਿਆਂ ਉਪਰ ਫੁੱਲ-ਪੱਤੀਆਂ ਦੀ ਵਿਛੀ ਹੋਈ ਸੇਜਾ 'ਤੇ ਲੇਟੇ ਰਾਜਾ ਸ਼ਿਵਨਾਭ ਨੂੰ ਪਿਲਾ ਰਹੀਆਂ ਸਨ। ਇਹ ਨਾਚ ਗਾਣੇ ਤੇ ਨਸ਼ੇ, ਸਭ ਯਤਨ ਰਾਜੇ ਦਾ ਮਨ ਪਰਚਾਉਣ ਲਈ ਸਨ, ਜੋ ਕਿਸੇ ਭਾਰੇ ਗ਼ਨੀਮ ਦੀ ਆਪਣੇ ਦੇਸ਼ 'ਤੇ ਚੜ੍ਹਾਈ ਦੀ ਖ਼ਬਰ ਸੁਣ ਬੇਚੈਨ ਹੋ ਰਿਹਾ ਸੀ। ਰਾਤ ਅੱਧੀਓਂ ਟੁਟ ਗਈ, ਨੀਂਦ ਨੇ ਜ਼ੋਰ ਪਾਇਆ, ਨਿੰਦਰਾਵੇ ਰਾਗੀਆਂ ਦੇ ਰਾਗ ਸਾਜ਼ਾਂ 'ਤੇ ਥਿਰਕਣ ਲਗੇ, ਨਿਰਤਕਾਰਾਂ ਨੂੰ ਤਾਲ ਉਕਣ ਤੇ ਸਾਕੀ ਦੇ ਰੰਗੀਲੇ ਹੱਥਾਂ ਤੋਂ ਜਾਮ ਢਹਿਣ ਲਗੇ, ਸਾਰੀ ਮਹਿਫ਼ਲ ਊਂਘਣ ਲਗ ਪਈ, ਪਰ ਰਾਜੇ ਨੂੰ ਨੀਂਦਰ ਕਿੱਥੇ? ਚਿੰਤਾਤੁਰ ਮਨ ਕੀ ਤੇ ਸੌਣਾ ਕੀ! ਉਹ ਬਾਰ ਬਾਰ ਕਰਵਟਾਂ ਬਦਲਦਾ। ਉਸ ਦੀ ਹਾਲਤ ਕਬਾਬ ਦੀ ਸੀਖ ਵਰਗੀ ਸੀ, ਜਿਸ ਦੇ ਪਾਸੇ ਘੜੀ ਮੁੜੀ ਭੁੰਨਣ ਵਾਲਾ ਅੰਗਾਰਾਂ 'ਤੇ ਪਲਟਾਂਦਾ ਹੈ:ਕਬਾਬ ਸੀਖ ਹੈਂ ਹਮ ਕਰਵਟੇਂ ਹਰ ਸੂ ਬਦਲਤੇ ਹੈਂ।ਜੋ ਜਲ ਜਾਤਾ ਹੈ ਯਿਹ ਪਹਿਲੂ ਤੋ ਵੁਹ ਪਹਿਲੂ ਬਦਲਤੇ ਹੈਂ।ਜਦ ਰਾਜੇ ਦੇ ਸਭ ਸਨੇਹੀ ਸੌਂ ਗਏ ਤਾਂ ਉਸ ਦੇ ਕੰਨਾਂ ਵਿਚ ਇਕ ਸ਼ਾਂਤ ਤੇ ਰਸ-ਭਿੰਨੀ ਸੱਦ ਪਈ। ਇਹ ਦੂਰੋਂ ਕਿਸੇ ਦੇ ਗਾਉਣ ਦੀ ਅਵਾਜ਼ ਆ ਰਹੀ ਸੀ। ਰਾਜੇ ਨੂੰ ਸਮਝ ਤਾਂ ਕੋਈ ਨਾ ਆਈ ਪਰ ਸੁਆਦ ਬਹੁਤ ਆਇਆ। ਦਰਵਾਜ਼ੇ 'ਤੇ ਖੜੇ ਸਿਪਾਹੀ ਨੂੰ ਬੁਲਾ ਕੇ ਪੁੱਛਣ ਲੱਗਾ, "ਇਹ ਕਿਸ ਦੇ ਗਾਉਣ ਦੀ ਅਵਾਜ਼ ਹੈ?" ਪਹਿਰੇਦਾਰ ਨੇ ਕਿਹਾ, "ਉਸ ਕੈਦੀ ਦੀ, ਜਿਸ ਨੂੰ ਅੱਜ ਹੀ ਸਰਕਾਰ ਦੇ ਹੁਕਮ ਨਾਲ ਬੰਦੀਖ਼ਾਨੇ ਵਿਚ ਸੁੱਟਿਆ ਗਿਆ ਹੈ।" ਰਾਜੇ ਨੇ ਹੈਰਾਨ ਹੋ ਕੇ ਕਿਹਾ, 'ਇਹ ਕੈਦੀ ਗਾ ਰਿਹਾ ਹੈ। ਤਹਿਖ਼ਾਨੇ ਦੀ ਅੰਧੇਰੀ ਕੋਠੜੀ ਵਿਚ ਬੰਨ੍ਹ ਕੇ ਸੁੱਟੇ ਹੋਏ ਕੈਦੀ ਨੂੰ ਗਾਣਾ ਸੁਝ ਰਿਹਾ ਹੈ!

ਪੱਥਰ ਦਾ ਠੰਢਾ ਫ਼ਰਸ਼ ਤੇ ਮੱਛਰਾਂ ਦੇ ਡੰਗ, ਉਸਦੇ ਗੀਤਾਂ ਵਿਚ ਕੋਈ ਰੋਕ ਨਹੀਂ ਪਾਉਂਦੇ? ਮੇਰੇ ਸਾਹਮਣੇ ਹਾਜ਼ਰ ਕਰੋ।" ਕੈਦੀ ਲਿਆਂਦਾ ਗਿਆ। ਰਾਜੇ ਹੁਕਮ ਨਾਲ ਹੀ ਇਕਾਦਸ਼ੀ ਦਾ ਬਰਤ ਨਾ ਰੱਖਣ ਕਰਕੇ, ਇਸ ਰਾਜ-ਧਰਮ ਵਿਰੋਧੀ ਨੂੰ, ਅੱਜ ਬੰਦੀਖ਼ਾਨੇ ਦੀ ਸਖ਼ਤ ਕੈਦ ਵਿਚ ਪਾ ਦਿਤਾ ਗਿਆ ਸੀ। ਰਾਜੇ ਦਾ ਦਵੈਸ਼ ਭਰਿਆ ਦਿਲ, ਬੰਦੀਵਾਨ ਨੂੰ ਤਕਦਿਆਂ ਹੀ ਕੁਝ ਰਸ ਅਨੁਭਵ ਕਰਨ ਲਗ ਪਿਆ। ਉਸ ਤੋਂ ਪੁੱਛਿਆ ਸੁ, "ਮੇਰੇ ਗਿਰਦ ਸਾਰੇ ਸੁਖ ਦੇ ਸਾਮਾਨ ਹਨ, ਰਾਜ ਹੈ, ਜਵਾਨੀ ਹੈ, ਜੋਬਨ ਵੰਤ, ਨਿਰਤਕਾਰ ਤੇ ਗਾਉਣ ਵਾਲੀਆਂ ਮਨ ਪਰਚਾਉਣ ਨੂੰ ਤੇ ਰੰਗਲੇ ਸਾਕੀ ਜਾਮ ਪਿਲਾਉਣ ਨੂੰ ਹਨ, ਪਰ ਚਿੰਤਾਤੁਰ ਮਨ ਨੂੰ ਕੁਝ ਸੁਆਦ ਨਹੀਂ ਆਉਂਦਾ। ਪਰ ਤੂੰ ਤਹਿਖ਼ਾਨੇ ਦੇ ਪਥਰੀਲੇ ਠੰਢੇ ਫ਼ਰਸ਼ 'ਤੇ ਪਿਆ, ਮੱਛਰਾਂ ਦੀ ਘੂੰ ਘੂੰ ਵਿਚ ਕਿਸ ਤਰ੍ਹਾਂ ਗਾ ਰਿਹਾ ਹੈਂ?" ਇਹ ਕੋਈ ਸਵਾਲ ਨਹੀਂ ਸੀ, ਚਿੰਤਾਤੁਰ ਮਨ ਨੂੰ ਮਨਸੁੱਖ ਦੀ ਸੰਗਤ ਪ੍ਰਾਪਤ ਹੋ ਰਹੀ ਸੀ, ਜਿਸਨੇ ਆਪਣਾ ਪੂਰਾ ਫ਼ੈਜ਼ ਪਹੁੰਚਾਇਆ, ਤੇ ਓੜਕ ਗੁਰੂ ਨਾਨਕ ਨਾਲ ਜੋੜ, ਪੂਰਨ ਪਦ ਦਿਵਾ ਗਈ।ਸੰਗਤ, ਕਈ ਵੇਰ ਸੁਪਨੇ ਵਿਚ ਕੀਤੀ ਹੋਈ ਭੀ ਫਲ ਦੇ ਜਾਂਦੀ ਹੈ। ਈਸਾਈਆਂ ਦੇ ਮਸ਼ਹੂਰ ਸੰਤ ਸੇਂਟ ਪਾਲ ਨੂੰ ਈਸਾ ਜੀ ਦੀ ਸੰਗਤ ਸੁਪਨੇ ਵਿਚ ਹੀ ਪ੍ਰਾਪਤ ਹੋਈ ਸੀ। ਜਦੋਂ ਕੱਟੜ ਮਜ਼੍ਹਬੀ ਯਹੂਦੀ 'ਸਾਲ' ਆਪਣੇ ਘਰੋਂ ਈਸਾਈਆਂ ਨੂੰ ਮੁਕਾਉਣ ਦੇ ਖ਼ਿਆਲ ਨਾਲ ਨਿਕਲਿਆ ਤੇ ਕਈ ਮਾਸੂਮਾਂ ਨੂੰ ਪਕੜ ਕੇ ਕਤਲ ਕਰ ਚੁੱਕਾ ਤਾਂ ਮਸੀਹ ਉਸਨੂੰ ਸੁਪਨੇ ਵਿਚ ਮਿਲੇ ਤੇ ਉਨ੍ਹਾਂ ਨੇ ਅਜਿਹਾ ਪਲਟਾ ਦਿਤਾ ਕਿ ਕਾਤਲ 'ਸਾਲ' ਸੇਂਟ ਪਾਲ ਬਣ ਗਿਆ।ਇਸ ਸੁਪਨੇ ਦੀ ਸੰਗਤ ਨੂੰ ਬੜਾ ਸਲਾਹਿਆ ਗਿਆ ਹੈ।

ਕਵਿਤਾ ਦੇ ਮਹਾਨ ਉਡਾਰੂਆਂ ਨੇ ਇਸ ਉੱਤੇ ਆਪਣੇ ਖ਼ਿਆਲ ਲਿਖੇ ਹਨ। ਪੀਆ ਬਦੇਸ਼ ਚਲੇ ਗਏ ਹਨ, ਕੋਈ ਸੰਦੇਸ਼ਾ ਵੀ ਨਹੀਂ ਆਇਆ, ਨਾ ਚਿੱਠੀ ਆਈ ਨਾ ਮੂਰਤ, ਇਹ ਤੇ ਕਿਤੇ ਰਿਹਾ, ਕਾਂ ਵੀ ਬਨੇਰੇ 'ਤੇ ਨਹੀਂ ਬਹਿੰਦਾ, ਮੌਤ ਵੀ ਨਹੀਂ ਆਉਂਦੀ, ਜੋਤਸ਼ੀ ਵੀ ਵਿਹੜੇ ਪੈਰ ਨਹੀਂ ਪਾਉਂਦਾ। ਹੁਣ ਤਾਂ ਨੀਂਦ ਤੇਰੇ 'ਤੇ ਹੀ ਭਰੋਸਾ ਹੈ, ਜੇ ਭਾਗ ਭਰੀਏ ਤੂੰਹੀਏਂ ਆਵੇਂ ਤਾਂ ਸ਼ਾਇਦ ਦਰਸ਼ਨ ਹੋ ਜਾਵਣ:ਜਾਂ ਦਿਨ ਤੇ ਪੀਆ ਨੇ ਬੇਦੇਸ਼ ਕੋ ਗਵਨ ਕੀਨਾ,ਤਾ ਦਿਨ ਤੇ ਵਹਾਂ ਤੇ ਸੰਦੇਸਰੋ ਨਾ ਆਇਓ ਕੋਇ।।ਪਾਈ ਨਹਿ ਪਾਤੀ ਨਹਿ ਚਿਤ੍ਰਕਾਰ ਆਇਓ ਕੋਇ,ਮਾਨੁਖ ਕੀ ਕੀ ਕਹਾਂ, ਨਾ ਬੰਨੇਰੇ ਬੈਠਾ ਕਾਗ ਕੋਇ।।ਕਾਲਹੂ ਨਾ ਆਵੇ, ਮੌਤ ਦਰਸਨਾ ਦਿਖਾਵੇ,ਸਖੀ ਜੋਤਸ਼ੀ ਨਾ ਆਵੇ ਜਾਂ ਤੇ ਪੂਛੋ ਕਬ ਆਵੇ ਜੋਇ।।ਆਉ ਰੀ ਸੁਭਾਗਵਾਨ ਨੀਂਦਰੀਏ ਤੂੰਹੀ ਆਓ,ਸੁਪਨੇ ਮੇਂ ਮਤ ਭਲਾ ਮੋਹਨਾ ਦਰਸ ਹੋਇ।ਸੁਪਨੇ ਤੋਂ ਬਗ਼ੈਰ ਖ਼ਿਆਲਾਂ ਦੀ ਸੰਗਤ ਵੀ ਬੜੀ ਮਹਾਨਤਾ ਰਖਦੀ ਹੈ। ਪੁਸਤਕ ਦੇ ਪਾਠ ਤੇ ਨਿਤਨੇਮ, ਏਸੇ ਹੀ ਸੰਗਤ ਦਾ ਦੂਸਰਾ ਨਾਮ ਹੈ। ਸੰਸਾਰ ਦੀਆਂ ਭਾਰੀਆਂ ਭਾਰੀਆਂ ਪੁਸਤਕਾਲਾਵਾਂ (ਲਾਇਬ੍ਰੇਰੀਆਂ) ਬਣਾਣੀਆਂ, ਉਨ੍ਹਾਂ ਲਈ ਕਿਤਾਬਾਂ ਲਿਖਣੀਆਂ, ਛਾਪਣ ਦੇ ਸਾਧਨ ਕਰਨੇ ਸੰਸਾਰ ਦਾ ਕਿੱਡਾ ਭਾਰਾ ਕੰਮ ਹੈ, ਪਰ ਇਹ ਸਭ ਕੁਝ ਮਨੁੱਖ ਖ਼ੁਸ਼ੀਓ ਖ਼ੁਸ਼ੀ ਕਰਦੇ ਹਨ। ਕਿਉਂ ਜੋ ਇਹਨਾਂ ਲਾਇਬ੍ਰੇਰੀਆਂ ਦੀ ਰਾਹੀਂ ਹੀ ਮਨੁੱਖ ਉਚੇਰੇ ਖ਼ਿਆਲਾਂ ਦੀ ਸੰਗਤ ਕਰ ਸਕਦਾ ਹੈ। ਇਹੀ ਕਾਰਨ ਹੈ, ਮੁਹੱਜ਼ਬ ਦੁਨੀਆ ਵਿਚ ਭਾਰੇ ਸੰਗਰਾਮਾਂ ਦੇ ਬਾਅਦ ਭੀ ਹਾਰ ਗਏ। ਦੁਸ਼ਮਣ ਦੀਆਂ ਲਾਇਬ੍ਰੇਰੀਆਂ ਦੀ ਹਿਫ਼ਾਜ਼ਤ ਕਰਨਾ ਸੱਭਯ ਕੌਮਾ ਦਾ ਪਹਿਲਾ ਕਰਤੱਵ ਹੁੰਦਾ ਹੈ। ਆਤਮ ਮੰਡਲ ਵਿਚ ਵੀ ਸੰਤਾਂ ਦੇ ਬਚਨਾਂ ਦੀ ਸੰਗਤ ਕਰਨੀ ਜ਼ਰੂਰੀ ਕਰਾਰ ਦਿੱਤੀ ਗਈ ਹੈ।

ਗੀਤਾ ਦਾ ਪਾਠ, ਕੁਰਾਨ ਦੀ ਤਿਲਾਵਤ, ਗੁਰਬਾਣੀ ਦੇ ਦਰਸ਼ਨ, ਹਰ ਧਾਰਮਿਕ ਖ਼ਿਆਲਾਂ ਦੇ ਹਿੰਦੂ, ਮੁਸਲਮਾਨ ਤੇ ਸਿੱਖ ਲਈ ਰੋਜ਼ਾਨਾ ਫ਼ਰਜ਼ ਕਰਾਰ ਦਿਤੇ ਗਏ ਹਨ। ਸਿੱਖੀ ਵਿਚ ਤਾਂ ਇਸ ਨੂੰ ਇਤਨਾ ਅਪਣਾਇਆ ਗਿਆ ਹੈ ਕਿ ਹਰ ਸਿਖ ਰੋਜ਼ ਇਸ ਈਮਾਨ ਨੂੰ ਦੁਹਰਾਂਦਾ ਹੈ, ਕਿ ਅਕਾਲ ਪੁਰਖ ਦੀ ਆਗਿਆ ਨਾਲ ਪੰਥ ਚੱਲਿਆ ਹੈ। ਸਭ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣਾ ਹੁਕਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨੋ, ਇਹੋ ਗੁਰੂ ਦੀ ਪ੍ਰਗਟ ਦੇਹ ਹੈ। ਜੋ ਗੁਰੂ ਨੂੰ ਮਿਲਣਾ ਚਾਹੁੰਦਾ ਹੈ, ਸ਼ਬਦ ਵਿਚੋਂ ਲੱਭ ਲਵੇ:

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ।
ਗੁਰੂ ਗਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸਬਦ ਮਹਿ ਲੇਹਿ।'(ਪੰਥ ਪ੍ਰਕਾਸ਼)

ਸ੍ਰੀ (ਗੁਰੂ) ਅਮਰਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਲੜਕੀ ਬੀਬੀ ਅਮਰੋ ਦੇ ਮੂੰਹੋਂ ਉਚਾਰੀ ਹੋਈ ਬਾਣੀ ਦੀ ਸੰਗਤ ਹੀ ਪਹਿਲਾਂ ਪ੍ਰਾਪਤ ਹੋਈ ਸੀ। ਤੇ ਉਸ ਨੇ ਹੀ ਰਸਤੇ ਪਾ ਓੜਕ ਗੁਰ-ਪਦਵੀ ਤਕ ਪਹੁੰਚਾਇਆ ਸੀ।ਭਾਵੇਂ ਸੰਗਤ ਲਈ ਆਮ ਤੌਰ 'ਤੇ ਬਹੁਤ ਸਮਾਂ ਲੱਗਣ ਦਾ ਖ਼ਿਆਲ ਕੀਤਾ ਜਾਂਦਾ ਹੈ, ਪਰ ਕਈ ਵੇਰ ਭਾਗ ਅਜਿਹੇ ਉਚੇਰੇ ਬੰਦਿਆਂ ਦੀ ਸੰਗਤ ਪ੍ਰਾਪਤ ਕਰਾਂਦੇ ਹਨ, ਜੋ ਸਮੇਂ ਦੀ ਲੰਬਾਈ ਨੂੰ ਕੱਟ ਦੇਂਦੀ ਹੈ, ਤੇ ਸੰਤ ਮਤ ਵਿਚ ਤਾਂ ਇਕ ਨਿਗਾਹ ਦੇ ਪਲਕਾਰੇ ਦੀ ਸੰਗਤ ਨੂੰ ਵੀ ਮੰਨਿਆ ਗਿਆ ਹੈ। ਭਾਈ ਨੰਦ ਲਾਲ ਜੀ ਕਹਿੰਦੇ ਹਨ, ਮੈਨੂੰ ਉਸ ਦੀ ਇਕ ਹੀ ਨਿਗਾਹ ਕਾਫ਼ੀ ਹੈ:ਯਕ ਨਿਗਾਹੇ ਜਾਂ ਫ਼ਜ਼ਾਇਸ਼, ਬਸ ਬਵਦ ਦਰਕਾਰੇ ਮਾਇਕ ਹੋਰ ਸੰਤ ਫ਼ੁਰਮਾਂਦਾ ਹੈ ਕਿ ਕੋਈ ਉਪਕਾਰੀ ਹੈ ਜੋ ਮੇਰੇ ਹਾਲ ਨੂੰ ਓਸ ਬਾਦਸ਼ਾਹ ਦੇ ਦਰਬਾਰ ਵਿਚ ਜਾ ਕਹੇ, ਤੇ ਬਾਦਸ਼ਾਹਾਂ ਲਈ ਕੀ ਮੁਸ਼ਕਲ ਜੋ ਉਹ ਫ਼ਕੀਰਾਂ ਨੂੰ ਇਕ ਨਿਗਾਹ ਨਾਲ ਨਿਵਾਜ਼ ਦੇਣ:ਆ ਕੀਸਤ ਕਿ ਤਕਰੀਰ ਕੁਨੰਦ ਹਾਲੇ ਗਦਾਰਾਦਰ ਹਜ਼ਰਤੇਸ਼ਾਹੇ।ਸ਼ਾਹਾਂ 'ਚੇ ਅਜਬ ਬਾਨਿਵਾਜ਼ੰਦ ਗਦਾਰਾਂ ਗਾਹੇ ਬਾਨਿਗਾਹੇ।

ਸੱਜਣ ਠੱਗ ਦੇ ਕੰਨੀਂ ਇਕ ਸ਼ਬਦ ਹੀ ਪਿਆ, ਤੇ ਕੌਡੇ ਰਾਖਸ਼ 'ਤੇ ਬਾਬੇ ਨਾਨਕ ਦੀ ਨਿਗਾਹ ਹੀ ਪਈ ਸੀ, ਦੋਵੇਂ ਸੰਤ ਹੋ ਗਏ।ਸੰਗਤ ਭਾਵੇਂ ਸ਼ਖ਼ਸੀ ਕੀਤੀ ਜਾਏ, ਭਾਵੇਂ ਸੁਪਨ ਵਿਚ ਤੇ ਭਾਵੇਂ ਖ਼ਿਆਲਾਂ ਨਾਲ ਮਨ ਜੋੜਿਆ ਜਾਏ, ਬਹਰ-ਸੂਰਤ ਲਾਭ ਦੇਂਦੀ ਹੈ। ਭਾਈ ਨੰਦ ਲਾਲ ਜੀ ਨੇ ਕਿਹਾ, ਭਾਗਾਂ ਵਾਲੀ ਹੈ ਸੰਗਤ, ਜੋ ਮਿੱਟੀ ਤੋਂ ਅਕਸੀਰ ਕਰਦੀ ਹੈ। ਇਕ ਨਿਮਾਣੇ ਨੂੰ ਵੀ ਪਤਵੰਤਾ ਬਣਾ ਦੇਂਦੀ ਹੈ:ਐ ਜ਼ਹੇ ਸੋਬਤ ਕਿ ਖ਼ਾਕ ਅਕਸੀਰ ਕਰਦਨਾਕਸੇ ਰਾ ਸਾਹਿਬੇ ਤਦਬੀਰ ਕਰਦ।

**('ਸਿੱਖ ਧਰਮ ਫ਼ਿਲਾਸਫ਼ੀ' ਵਿੱਚੋਂ)**

# ਹੋਲੇ ਮਹੱਲੇ ਦੇ ਸਮਾਗਮ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੰਬੋਧਨ





ਸ੍ਰੀ ਅਨੰਦਪੁਰ ਸਾਹਿਬ-ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਇਕੱਤਰ ਹੋਈ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੂੰ ਇਸ ਖ਼ਾਲਸਈ ਤਿਓਹਾਰ ਦੀ ਵਧਾਈ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੋਲਾ ਮਹੱਲਾ ਕੌਮ ਦੀ ਵਿਲੱਖਣਤਾ, ਨਿਆਰੀ ਆਭਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਗੁਰੂ ਸਿੱਖਿਆ ਅਨੁਸਾਰ ਸਿੱਖ ਨੇ ਇੱਕ ਦੂਜੇ ਨੂੰ ਗੁਰਬਾਣੀ ਦਾ ਰੰਗ ਲਾਉਣਾ ਹੈ ਨਾ ਕਿ ਆਪਣੀ ਰਵਾਇਤ ਦੇ ਉਲਟ ਕਾਰਜ ਕਰਨੇ ਹਨ। ਇੱਕ ਦੂਜੇ ਉੱਤੇ ਰੰਗ ਸੁੱਟਣੇ, ਮੂੰਹ ਸਿਰ ਨੂੰ ਰੰਗਣਾ ਸਿੱਖਾਂ ਦੀ ਰਵਾਇਤ ਬਿਲਕੁਲ ਵੀ ਨਹੀਂ। ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਵਿਲੱਖਣਾ ਬਖ਼ਸ਼ੀ ਹੈ, ਜਿਸ ਦੇ ਸਦਕਾ ਕੌਮ ਨੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਦਿਆਂ ਦਰਾ ਖ਼ੈਬਰ ਤੱਕ ਨੂੰ ਬੰਦ ਕੀਤਾ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਨੇ ਇਸ ਮੁਲਕ ਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਹਿੰਦੁਸਤਾਨ ਦੀ ਤਾਕਤ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਵਿਓਂਤ ਬਣਾਏਗਾ ਅਤੇ ਸਾਜ਼ਸ਼ਾਂ ਰਚੇਗਾ ਅਤੇ ਜੇਕਰ ਸਿੱਖ ਕਮਜ਼ੋਰ ਹੋਣਗੇ ਤਾਂ ਇਹ ਮੁਲਕ ਵੀ ਕਮਜ਼ੋਰ ਹੋਵੇਗਾ। ਦੇਸ਼ ਦੇ ਬਾਰਡਰਾਂ ਉੱਤੇ ਸਭ ਤੋਂ ਵੱਧ ਸ਼ਹਾਦਤਾਂ ਸਿੱਖਾਂ ਦੀਆਂ ਹਨ, ਸਾਜ਼ਸ਼ਾਂ ਕਰਨ ਵਾਲੀਆਂ ਸ਼ਕਤੀਆਂ ਇਹ ਭੁੱਲ ਜਾਣ ਕਿ ਸਿੱਖਾਂ ਨੂੰ ਕਮਜ਼ੋਰ ਕਰਕੇ ਉਹ ਤਕੜੇ ਰਹਿ ਜਾਣਗੇ। ਲੰਮੇ ਸਮੇਂ ਤੋਂ ਨਜ਼ਰਬੰਦ ਸਿੰਘਾਂ ਦੀ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਨ੍ਹਾਂ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਆਪਣੀ ਬਿਰਧ ਮਾਤਾ ਨੂੰ ਮਿਲਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ। ਜਦਕਿ ਵੱਡੇ-ਵੱਡੇ ਅਪਰਾਧ ਕਰਨ ਵਾਲੇ ਅਖੌਤੀ ਸਾਧਾਂ ਨੂੰ ਕੁਝ ਸਮੇਂ ਬਾਅਦ ਹੀ ਛੁੱਟੀਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰਾਂ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਪ੍ਰੋ ਦੇਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਸਮੁੱਚੀ ਸਿੱਖ ਕੌਮ ਦੀ ਭਾਵਨਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰਾਂ ਲੋਕਾਂ ਦੇ ਲਈ ਹੁੰਦੀਆਂ ਹਨ, ਦੇਸ਼ ਅੰਦਰ ਕਾਨੂੰਨ ਦਾ ਰਾਜ ਹੈ ਅਤੇ ਇੱਥੇ ਇਨਸਾਫ਼ ਕਰਨ ਲਈ ਅਦਾਲਤਾਂ ਸਥਾਪਤ ਹਨ। ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਅੰਦਰ 34 ਨੌਜਵਾਨਾਂ ਨੂੰ ਪੰਜਾਬ ਪੁਲਿਸ ਨੇ ਮੁਕਾਬਲਾ ਬਣਾ ਕੇ ਮਾਰਿਆ ਹੈ। ਉਨ੍ਹਾਂ ਕਿਹਾ ਕਿ ਕਤਲੋਗਾਰਤ ਕਿਸੇ ਵੀ ਪਾਸਿਓਂ ਨਹੀਂ ਹੋਣੀ ਚਾਹੀਦੀ, ਜੇਕਰ ਕੋਈ ਪੁਲਿਸ ਵਾਲਾ ਮਾਰਿਆ ਗਿਆ ਹੈ, ਉਹ ਵੀ ਸਾਡਾ ਹੈ, ਇਹ ਨਹੀਂ ਹੋਣਾ ਚਾਹੀਦਾ। ਕਤਲੋਗਾਰਤ ਪੰਜਾਬ ਦੇ ਪੱਖ ਵਿੱਚ ਨਹੀਂ। ਉਨ੍ਹਾਂ ਕਿਹਾ ਜਿਹੜੇ ਸਾਡੇ ਕੁਝ ਨੌਜਵਾਨ ਭਟਕ ਗਏ ਹਨ ਉਨ੍ਹਾਂ ਨੂੰ ਬੇਨਤੀ ਹੈ ਕਿ ਪੰਜਾਬ ਸਰਬੱਤ ਦਾ ਭਲਾ ਮੰਗਣ ਵਾਲਾ ਖਿੱਤਾ ਹੈ, ਨਜਾਇਜ਼ ਕਿਸੇ ਨੂੰ ਵੀ ਨਾ ਮਾਰਿਆ ਜਾਵੇ। ਉਨ੍ਹਾਂ ਕਿਹਾ ਕਿ ਪਰੰਤੂ ਸਰਕਾਰਾਂ ਵੀ ਫ਼ੈਸਲੇ ਅਦਾਲਤਾਂ ਦੇ ਰਾਹੀਂ ਕਰਨ, ਪੁਲਿਸ ਨੂੰ ਅਦਾਲਤ ਬਣਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਾ ਮਾਰਿਆ ਜਾਵੇ। ਉਨ੍ਹਾਂ ਸਮੁੱਚੀ ਕੌਮ ਨੂੰ ਅਪੀਲ ਕੀਤੀ ਕਿ ਇਹ ਗੱਲ ਲਈ ਅਵਾਜ਼ ਬੁਲੰਦ ਕੀਤੀ ਜਾਵੇ ਕਿ ਸਾਨੂੰ ਸੂਬੇ ਅੰਦਰ ਪੁਲਿਸ ਰਾਜ ਨਹੀਂ ਚਾਹੀਦਾ। ਇੱਥੇ ਲੋਕਤੰਤਰ ਹੈ, ਇਸ ਲਈ ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ ਨਾ ਕਿ ਡੰਡੇ ਦਾ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਈ ਤਾਕਤਾਂ ਇਹ ਕਹਿ ਕੇ ਸਿੱਖਾਂ ਨੂੰ ਜਜ਼ਬ ਕਰਨਾ ਚਾਹੁੰਦੀਆਂ ਹਨ ਕਿ ਸਿੱਖ ਵੱਖਰੇ ਨਹੀਂ। ਉਨ੍ਹਾਂ ਕਿਹਾ ਕਿ ਇਹ ਕਿਹਾ ਜਾ ਰਿਹਾ ਹੈ ਕਿ ਸਿੱਖ ਸਨਾਤਨੀ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਧੀਆਂ ਹਨ, ਵਿਲੱਖਣ ਅਤੇ ਨਿਆਰੀ ਪਛਾਣ ਵਾਲੇ ਹਨ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਇਸ ਦੇਸ਼ ਅੰਦਰ ਬਹੁ-ਗਿਣਤੀ ਦਾ ਹਿੱਸਾ ਨਹੀਂ ਹੈ ਅਤੇ ਇਹ ਵਿਲੱਖਣ ਕੌਮ ਹੈ ਅਤੇ ਹਮੇਸ਼ਾ ਰਹੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਆਪਣੀ ਪਛਾਣ ਦੇ ਮਸਲੇ ਉੱਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਨ 1984 ਵਿੱਚ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਮੇਤ ਹੋਰ ਸ਼ਹਾਦਤਾਂ ਵੱਡੀਆਂ ਸ਼ਹਾਦਤਾਂ ਸਾਡੇ ਹੱਕਾਂ ਅਤੇ ਕੌਮੀ ਪਛਾਣ ਲਈ ਹੋਈਆਂ ਹਨ।

ਸਿੱਖਾਂ ਦੀ ਆਪਣੇ ਸਿੱਖਿਆ ਪ੍ਰਣਾਲੀ ਮਜ਼ਬੂਤ ਕਰਨ ਦੀ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਦਾ ਆਪਣਾ ਰਾਜ 1849 ਵਿੱਚ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਆਪਣੀ ਸਿੱਖਿਆ ਪ੍ਰਣਾਲੀ ਨੂੰ ਅੰਗਰੇਜ਼ਾਂ ਨੇ ਤਬਾਹ ਕੀਤਾ ਅਤੇ ਹੁਣ ਸਾਲ 2049 ਅੱਗੇ ਆਉਣਾ ਹੈ, 200 ਸਾਲ ਬਾਅਦ ਲਈ ਅਸੀਂ ਅੱਜ ਤਹੱਈਆ ਕਰਕੇ ਜਾਈਏ ਕਿ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਨੂੰ ਤਕੜਾ ਅਤੇ ਵੱਡਾ ਕਰਨਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਗੁਰਸਿੱਖ ਪੜ੍ਹਾਈ ਵਿੱਚ ਅੱਵਲ ਹਨ, ਹਰ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਇਲਾਕੇ ਵਿੱਚ ਉਨ੍ਹਾਂ ਬੱਚਿਆਂ ਨੂੰ ਸਨਮਾਨਿਤ ਕਰੇ। ਸਿੱਖ ਬੱਚਿਆਂ ਨੂੰ ਚੰਗੇ ਰੁਤਬਿਆਂ ਅਤੇ ਉੱਚੇ ਮੁਕਾਮਾਂ ਉੱਤੇ ਪਹੁੰਚਾਉਣ ਲਈ ਗੁਰਦੁਆਰਾ ਕਮੇਟੀਆਂ ਉਨ੍ਹਾਂ ਦੀ ਮਦਦ ਕਰਨ। ਉਨ੍ਹਾਂ ਕਿਹਾ ਕਿ ਸਿੱਖ ਇਸ ਗੱਲ ਦਾ ਤਹੱਈਆ ਕਰਨ ਕਿ ਕੌਮ ਆਪਣਾ ਕੋਈ ਵੀ ਬੱਚਾ ਸਿੱਖਿਆ ਤੋਂ ਬਿਨਾਂ ਨਹੀਂ ਰਹਿਣ ਦੇਵੇਗੀ ਤਾਂ ਜੋ ਕੌਮ ਪਹਿਲਾਂ ਵਾਂਗ ਪੜ੍ਹੀ ਲਿਖੀ ਬਣੇ।ਉਨ੍ਹਾਂ ਕਿਹਾ ਕਿ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਤ ਜੋਤ ਗੁਰੂ ਮੰਨਦੇ ਹਨ ਅਤੇ ਚਾਹੁੰਦੇ ਹਨ ਕਿ ਗੁਰੂ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਵਿਸ਼ੇਸ਼ ਕਾਨੂੰਨ ਬਣੇ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਵਿੱਚ ਕੋਈ ਧਾਰਾ ਨਹੀਂ ਹੈ ਜੇਕਰ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ ਹੈ ਤਾਂ ਇਹ ਅਪਰਾਧ ਹੈ। ਇਸ ਲਈ ਬੇਅਦਬੀ ਨੂੰ ਰੋਕਣ ਲਈ ਵਿਸ਼ੇਸ਼ ਕਾਨੂੰਨ ਦੀ ਲੋੜ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਵਾਂ ਦਾ 300 ਸਾਲਾ ਸ਼ਹੀਦੀ ਦਿਹਾੜੇ ਇਸੇ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਉੱਤੇ ਮਨਾਇਆ ਜਾ ਰਿਹਾ ਹੈ। ਇਸ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ 8 ਮਾਰਚ ਤੋਂ 12 ਮਾਰਚ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਖ਼ਾਲਸਈ ਮਾਰਚ ਸਜਾਇਆ ਜਾਵੇਗਾ। ਇਹ ਮਾਰਚ ਤਰਨ ਤਾਰਨ ਦੇ ਵੱਖ-ਵੱਖ ਪਿੰਡਾਂ ਦੇ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਵਿਖੇ ਸੰਪੂਰਨ ਹੋਵੇਗਾ।ਉਨ੍ਹਾਂ ਕਿਹਾ ਕਿ ਲਾਲਚ ਵੱਸ ਲੋਕਾਂ ਦਾ ਧਰਮ ਪਰਿਵਰਤਨ ਕਰਨ ਦੇ ਮਾਮਲਿਆਂ ਨੂੰ ਠੱਲ੍ਹਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਲਹਿਰ ਦਾ ਆਗਾਜ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਕੀਤਾ ਜਾਵੇਗਾ। ਇਹ ਲਹਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਹੋਵੇਗੀ, ਜਿਸ ਤਹਿਤ ਪੰਜਾਬ ਅੰਦਰ ਸਥਿਤ ਤਿੰਨੋਂ ਤਖ਼ਤ ਸਾਹਿਬਾਨ ਤੋਂ ਹਰ ਪਿੰਡ ਹਰ ਸ਼ਹਿਰ ਤੱਕ ਪਹੁੰਚ ਕਰਨ ਲਈ ਇਹ ਉਪਰਾਲੇ ਕੀਤੇ ਜਾਣਗੇ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਆਪਣੀ ਸੰਸਥਾ ਹੈ, ਇਸ ਨੂੰ ਤਕੜਾ ਕਰੀਏ। ਉਨ੍ਹਾਂ ਕਿਹਾ ਕਿ ਇਸ ਸ਼ਾਨਾਮੱਤੀ ਸੰਸਥਾ ਦੇ ਕਾਰਨ ਸਿੱਖ ਇਕੱਠੇ ਹਨ ਅਤੇ ਲੋੜ ਹੈ ਕਿ ਅਸੀਂ ਸ਼੍ਰੋਮਣੀ ਕਮੇਟੀ ਵਿਰੁੱਧ ਕੀਤੀਆਂ ਜਾ ਰਹੀਆਂ ਸਾਜ਼ਸ਼ਾਂ ਨੂੰ ਪਛਾਣੀਏ।

# ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ "ਸਿੱਖ ਧਰਮ ਦੀ ਮੁੱਢਲੀ ਜਾਣਕਾਰੀ" ਦਾ ਕੋਰਸ ਕਰਨਾ ਲਾਜ਼ਮੀ ਹੋਇਆ



ਅੰਮ੍ਰਿਤਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਦੀ ਮੀਟਿੰਗ ਵਿੱਚ ਅਕਾਦਮਿਕ ਸਾਲ 2026-27 ਤੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿੱਚ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਤਿਆਰ ਕੀਤਾ ਗਿਆ "ਸਿੱਖ ਧਰਮ ਦੀ ਮੁੱਢਲੀ ਜਾਣਕਾਰੀ" ਦਾ ਕੋਰਸ ਯੂ.ਜੀ. ਪ੍ਰੋਗਰਾਮ ਵਿੱਚ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ। ਇਹ ਦੋ ਕਰੈਡਿਟ ਦਾ ਕੋਰਸ ਹੋਵੇਗਾ। ਉਪ ਕੁਲਪਤੀ ਵੱਲੋਂ ਪ੍ਰਵਾਣਤ ਬੋਰਡ ਆਫ ਕੰਟਰੋਲ, ਗੁਰੂ ਨਾਨਕ ਅਧਿਐਨ ਵਿਭਾਗ ਦੀ ਇਕੱਤਰਤਾ ਦੀ ਕਾਰਵਾਈ ਅਨੁਸਾਰ ਇਸ ਕੋਰਸ ਨੂੰ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿੱਚ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਸਬੰਧੀ ਸਿਫ਼ਾਰਸ਼ਾਂ 'ਤੇ ਅੱਜ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਵੱਲੋਂ ਮੋਹਰ ਲਗਾ ਦਿੱਤੀ ਗਈ।ਜਿਸ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ ਕਰ ਰਹੇ ਸਨ।ਇਹ ਕੋਰਸ ਆਨਲਾਈਨ ਮਾਧਿਅਮ ਰਾਹੀਂ ਓ.ਡੀ.ਐਲ. ਐਂਡ ਆਨਲਾਈਨ ਸਟਡੀ ਭਾਗ ਵੱਲੋਂ ਪੜ੍ਹਾਇਆ ਜਾਵੇਗਾ।ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਯੂਨੀਵਰਸਿਟੀ ਕੈਂਪਸ ਵਿੱਚ ਸਥਿਤ ਸੈਂਟਰ ਫਾਰ ਸਾਊਥ ਸੈਂਟਰਲ ਏਸ਼ੀਆ ਸਟਡੀਜ਼ ਦਾ ਨਾਮ ਬਦਲ ਕੇ ਹੁਣ ਸੈਂਟਰ ਫਾਰ ਸੈਂਟਰਲ ਏਸ਼ੀਆ ਸਟਡੀਜ਼ ਰੱਖਿਆ ਜਾਵੇਗਾ।ਅਕੈਡਮਿਕ ਕੌਂਸਲ ਵਿੱਚ ਇਕ ਹੋਰ ਅਹਿਮ ਫੈਸਲੇ 'ਤੇ ਵੀ ਵਿਚਾਰ ਕੀਤਾ ਗਿਆ, ਜਿਸ ਅਨੁਸਾਰ ਡਾਇਰੈਕਟਰ ਓ.ਡੀ.ਐਲ. ਅਤੇ ਆਨਲਾਈਨ ਸਟਡੀ ਅਧੀਨ ਚੱਲ ਰਹੇ ਪ੍ਰੋਗਰਾਮਾਂ ਦੇ ਸਿਲੇਬਸ ਵਿੱਚ ਯੂਨੀਵਰਸਿਟੀ ਅਤੇ ਕਾਲਜਾਂ ਵਿੱਚ ਪੜ੍ਹਾਏ ਜਾਂਦੇ ਇਨਵਾਇਰਨਮੈਂਟਲ ਸਟਡੀਜ਼, ਡਰੱਗ ਐਬਿਊਜ਼ ਪ੍ਰੋਬਲਮ ਮੈਨੇਜਮੈਂਟ ਐਂਡ ਪ੍ਰਿਵੈਂਸ਼ਨ, ਹਿਊਮਨ ਰਾਈਟਸ ਅਤੇ ਹਿਊਮਨ ਵੈਲਿਊਜ਼ ਐਂਡ ਅੰਡਰਸਟੈਂਡਿੰਗ ਹਾਰਮਨੀ ਵਰਗੇ ਕੋਰਸਾਂ ਨੂੰ ਸੈਸ਼ਨ 2026-27 ਤੋਂ ਆਨਲਾਈਨ ਮੋਡ ਵਿੱਚ ਲਾਗੂ ਕੀਤਾ ਜਾਵੇਗਾ।ਮੀਟਿੰਗ ਦੌਰਾਨ ਵਾਈਸ-ਚਾਂਸਲਰ ਨੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕੈਡਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਨੀਤੀ ਬਣਾਉਣ ਅਤੇ ਪਾਠਕ੍ਰਮ ਵਿੱਚ ਸੁਧਾਰ ਕਰਨ ਲਈ ਬਹੁਤ ਮਹੱਤਵਪੂਰਨ ਮੰਚ ਹੈ। ਉਨ੍ਹਾਂ ਆਨਲਾਈਨ ਅਤੇ ਆਫਲਾਈਨ ਹਾਜ਼ਰ ਸਾਰੇ ਮੈਂਬਰਾਂ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦਾ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਨਵੇਂ ਕੋਰਸ ਸ਼ੁਰੂ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਨੂੰ ਢਾਂਚਾਗਤ ਸੁਵਿਧਾਵਾਂ ਅਤੇ ਹੋਰ ਲੋੜੀਂਦੇ ਸਰੋਤਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਇਸ ਲਈ ਯੂਨੀਵਰਸਿਟੀ ਬਿਨਾਂ ਯੋਜਨਾ ਦੇ ਨਵੇਂ ਕੋਰਸ ਸ਼ੁਰੂ ਕਰਨ ਦੀ ਜਲਦੀ ਵਿੱਚ ਨਹੀਂ ਹੈ, ਪਰ ਸਮੇਂ ਦੀ ਲੋੜ ਅਨੁਸਾਰ ਕਰੀਕੁਲਮ ਨੂੰ ਅਪਡੇਟ ਕਰਨਾ ਜ਼ਰੂਰੀ ਹੈ।ਵਾਈਸ-ਚਾਂਸਲਰ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਅਮਰੀਕਾ ਦੀ ਯੂਨੀਵਰਸਿਟੀ ਆਫ ਮੇਰੀਲੈਂਡ ਨਾਲ ਅਕਾਦਮਿਕ ਸਹਿਯੋਗ ਲਈ ਸਮਝੌਤਾ (ਐਮ.ਓ.ਯੂ.) ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਇਸ ਸਹਿਯੋਗ ਦੇ ਤਹਿਤ ਆਰਟੀਫ਼ੀਸ਼ਲ ਇੰਟੈਲੀਜੈਂਸ, ਮਸ਼ੀਨ ਲਰਨਿੰਗ ਅਤੇ ਸਾਇਬਰ ਸਿਕਿਊਰਿਟੀ ਵਰਗੀਆਂ ਉਭਰਦੀਆਂ ਤਕਨੀਕਾਂ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਮੌਕੇ ਮਿਲਣਗੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਅਧੀਨ ਵਿਦਿਆਰਥੀਆਂ ਨੂੰ ਵੱਡੇ ਖਰਚ ਤੋਂ ਬਿਨਾਂ ਅੰਤਰਰਾਸ਼ਟਰੀ ਅਕਾਦਮਿਕ ਤਜਰਬਾ ਮਿਲ ਸਕੇਗਾ।ਉਨ੍ਹਾਂ ਅੱਗੇ ਦੱਸਿਆ ਕਿ ਸ਼ੁਰੂਆਤੀ ਪੜਾਅ ਵਿੱਚ ਕੰਪਿਊਟਰ ਸਾਇੰਸ ਨਾਲ ਜੁੜੇ ਲਗਭਗ 60 ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ, ਜਿਨ੍ਹਾਂ ਵਿੱਚੋਂ 30 ਵਿਦਿਆਰਥੀਆਂ ਨੂੰ ਆਨਲਾਈਨ ਇੰਟਰਐਕਸ਼ਨ ਅਤੇ ਸਾਂਝੇ ਅਕਾਦਮਿਕ ਪ੍ਰੋਗਰਾਮਾਂ ਦਾ ਮੌਕਾ ਮਿਲੇਗਾ। ਇਸ ਪ੍ਰਕਿਰਿਆ ਵਿੱਚ ਵਿਦਿਆਰਥੀਆਂ 'ਤੇ ਕੋਈ ਵੱਡਾ ਆਰਥਿਕ ਬੋਝ ਨਹੀਂ ਹੋਵੇਗਾ ਅਤੇ ਸਾਰਾ ਅਕਾਦਮਿਕ ਕੰਮ ਆਨਲਾਈਨ ਮਾਧਿਅਮ ਰਾਹੀਂ ਕੀਤਾ ਜਾਵੇਗਾ।ਮੀਟਿੰਗ ਦੌਰਾਨ ਵੱਖ-ਵੱਖ ਫੈਕਲਟੀਆਂ ਵੱਲੋਂ ਕੁੱਲ 14 ਨਵੇਂ ਕੋਰਸਾਂ ਦੇ ਪ੍ਰਸਤਾਵ ਵੀ ਪੇਸ਼ ਕੀਤੇ ਗਏ। ਇਨ੍ਹਾਂ ਵਿੱਚ ਸਾਈਕੋਲੋਜੀ ਨਾਲ ਸੰਬੰਧਤ ਨਵੇਂ ਕੋਰਸ, ਸੋਸ਼ਲ ਸਾਇੰਸ ਦਾ ਚਾਰ ਸਾਲਾ ਪ੍ਰੋਗਰਾਮ, ਕੁਝ ਸਰਟੀਫਿਕੇਟ ਕੋਰਸ ਅਤੇ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਵਿੱਚ ਐਮ.ਟੈਕ. ਪ੍ਰੋਗਰਾਮ ਸ਼ਾਮਲ ਹਨ।ਵਾਈਸ-ਚਾਂਸਲਰ ਨੇ ਇਹ ਵੀ ਦੱਸਿਆ ਕਿ ਯੂਨੀਵਰਸਿਟੀ ਵਿੱਚ ਪਹਿਲਾਂ ਚੱਲ ਰਹੇ ਕੁਝ ਕੇਂਦਰਾਂ ਨੂੰ ਮੁੜ ਸਰਗਰਮ ਕਰਨ ਦੀ ਯੋਜਨਾ ਹੈ। ਇਸ ਵਿੱਚ ਦਰਸ਼ਨ ਸ਼ਾਸਤਰ ਨਾਲ ਸੰਬੰਧਤ ਵਿਭਾਗ ਅਤੇ ਸੈਂਟਰਲ ਏਸ਼ੀਆ ਸਟਡੀਜ਼ ਕੇਂਦਰ ਨੂੰ ਦੁਬਾਰਾ ਚਾਲੂ ਕਰਨ ਦੀ ਸੰਭਾਵਨਾ ਵੀ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੋਜ਼ਗਾਰ ਯੋਗ ਬਣਾਉਣਾ ਹੈ। ਇਸ ਲਈ "ਰਿਮੋਟ ਲਰਨਿੰਗ" ਅਤੇ "ਰਿਮੋਟ ਐਮਪਲਾਇਮੈਂਟ" ਵਰਗੇ ਨਵੇਂ ਮਾਡਲਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਜੋ ਵਿਦਿਆਰਥੀ ਆਧੁਨਿਕ ਤਕਨਾਲੋਜੀ ਦੀ ਮਦਦ ਨਾਲ ਵਿਸ਼ਵ ਪੱਧਰੀ ਮੌਕਿਆਂ ਨਾਲ ਜੁੜ ਸਕਣ।ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਮੌਜੂਦਾ ਸਮੇਂ ਵਿੱਚ ਤਕਨਾਲੋਜੀ ਅਤੇ ਖ਼ਾਸ ਕਰਕੇ ਆਰਟੀਫ਼ੀਸ਼ਲ ਇੰਟੈਲੀਜੈਂਸ ਦੇ ਤੇਜ਼ੀ ਨਾਲ ਵਧਦੇ ਪ੍ਰਭਾਵ ਨੂੰ ਦੇਖਦੇ ਹੋਏ ਸਿੱਖਿਆ ਪ੍ਰਣਾਲੀ ਵਿੱਚ ਨਵੇਂ ਹੁਨਰਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਖ਼ਾਸ ਕਰਕੇ ਸੋਸ਼ਲ ਸਾਇੰਸ ਦੇ ਖੇਤਰ ਵਿੱਚ ਵੀ ਤਬਦੀਲੀਆਂ ਤੇਜ਼ੀ ਨਾਲ ਆ ਰਹੀਆਂ ਹਨ, ਇਸ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਤਕਨੀਕੀ ਹੁਨਰਾਂ ਨਾਲ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ।ਮੀਟਿੰਗ ਦੀ ਸ਼ੁਰੂਆਤ ਵਿੱਚ ਡੀਨ ਅਕਾਦਮਿਕ ਮਾਮਲੇ ਡਾ. ਹਰਿੰਦਰ ਸਿੰਘ ਸੈਣੀ ਨੇ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ, ਜਦਕਿ ਬਾਅਦ ਵਿੱਚ ਰਜਿਸਟਰਾਰ ਡਾ. ਕੇ.ਐੱਸ. ਚਾਹਲ ਵੱਲੋਂ ਮੀਟਿੰਗ ਦਾ ਏਜੰਡਾ ਪੇਸ਼ ਕੀਤਾ ਗਿਆ।ਕੈਪਸ਼ਨ: ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ ਅਕਾਦਮਿਕ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ। ਉਨ੍ਹਾਂ ਦੇ ਨਾਲ ਡੀਨ ਅਕਾਦਮਿਕ ਅਫੇਅਰਜ਼ ਡਾ. ਹਰਵਿੰਦਰ ਸਿੰਘ ਸੈਣੀ ਅਤੇ ਰਜਿਸਟਰਾਰ ਡਾ. ਕੇ.ਐੱਸ. ਚਾਹਲ ਮੌਜੂਦ ਹਨ।



# ਗੁਰਸਿੱਖ ਦੇ ਜੀਵਨ 'ਚ ਗੁਰਬਾਣੀ ਦਾ ਅਰਥ

ਪਹਿਲੀ ਜੋਤ ਤੋਂ ਦੱਸਵੀਂ ਗੁਰੂ ਨਾਨਕ ਜੋਤ ਦਾ ਮਿਸ਼ਨ ਮਨੁੱਖਤਾ ਨੂੰ ਕਲਿਯੁਗ ਦੇ ਬਿਖ ਤੋਂ ਬਾਹਰ ਕੱਢਣਾ ਤੇ ਸਹਿਜ ਆਨੰਦ ਵਿਚ ਲਿਆਉਣਾ ਸੀ। ਇਹ ਮਿਸ਼ਨ ਅੰਤਰ ਅਵਸਥਾ ਬਦਲਣ ਦਾ ਸੀ।ਕਈ ਵਰ੍ਹਿਆਂ ਤੋਂ ਦੁਹਰਾਇਆ ਜਾ ਰਿਹਾ ਹੈ ਕਿ ਗੁਰਬਾਣੀ ਸਿਰਫ਼ ਪੜ੍ਹਨ, ਸੁਣਨ ਤਕ ਸੀਮਤ ਨਹੀਂ, ਇਸ 'ਤੇ ਅਮਲ ਕਰਨਾ ਚਾਹੀਦਾ ਹੈ। ਹਰ ਗੁਰਸਿੱਖ ਇਸ ਨਾਲ ਸਹਿਮਤ ਹੁੰਦਾ ਹੈ ਕਿ ਗੁਰਬਾਣੀ ਦੀ ਸਾਰਥਕਤਾ ਉਸ ਨੂੰ ਜੀਵਨ ਦਾ ਆਧਾਰ ਬਣਾਉਣ 'ਚ ਹੀ ਹੈ। ਇਕ ਆਸ ਜਨਮ ਲੈਂਦੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਆਰੰਭ ਕੀਤਾ ਮਿਸ਼ਨ ਪ੍ਰਫੁੱਲਤ ਰਹਿ ਕੇ ਲੋਕਾਈ ਨੂੰ ਸਦਾ ਰੋਸ਼ਨ ਕਰਦਾ ਰਹੇਗਾ ਪਰ ਫਿਰ ਚਿੰਤਾ ਵੀ ਹੁੰਦੀ ਹੈ ਕਿ ਵਾਰ-ਵਾਰ ਇਹ ਗੱਲ ਕਿਉਂ ਕਰਨੀ ਪੈ ਰਹੀ ਹੈ ਕਿ ਗੁਰਸਿੱਖ, ਗੁਰਬਾਣੀ 'ਤੇ ਅਮਲ ਕਰਨ। ਜ਼ੋਰ ਨਾਲ ਕਿਹਾ ਜਾ ਰਿਹਾ ਹੈ, ਦਿਨ-ਰਾਤ ਕਿਹਾ ਜਾ ਰਿਹਾ ਹੈ ਕਿ ਗੁਰਬਾਣੀ ਤੇ ਚੱਲੋ ਪਰ ਵਿਰਲੇ ਹੀ ਗੁਰਬਾਣੀ 'ਤੇ ਚੱਲਣ ਵਾਲੇ ਮਿਲਦੇ ਹਨ।ਪ੍ਰਤੀਤ ਹੁੰਦਾ ਹੈ ਕਿ ਸਿੱਖ ਕੌਮ ਵੱਡੀ ਦੁਵਿਧਾ 'ਚ ਫਸੀ ਹੋਈ ਹੈ ਕਿ ਗੁਰਬਾਣੀ 'ਤੇ ਚੱਲਣਾ ਕਿਵੇਂ ਹੈ? ਆਪੋ ਆਪਣੀ ਵਿਆਖਿਆ ਨੇ ਵਿਸ਼ਾ ਭਾਰੀ ਤੇ ਗੁੰਝਲਦਾਰ ਬਣਾ ਦਿੱਤਾ ਹੈ। ਗੁਰਬਾਣੀ ਦਾ ਸਰਲ ਤੇ ਵਿਉਹਾਰਕ ਸੁਨੇਹਾ ਪ੍ਰਚਾਰਕਾਂ ਦੀ ਵੱਡੀ ਬਹਿਸ ਤੇ ਆਪਣੀ ਬੌਧਿਕ ਕਾਬਲੀਅਤ ਸਿੱਧ ਕਰਨ ਦਾ ਜ਼ਰੀਆ ਬਣ ਕੇ ਰਹਿ ਗਿਆ ਹੈ। ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਵੀ ਹਰ ਮੰਚ ਤੋਂ ਕਿਹਾ ਗਿਆ ਕਿ ਗੁਰੂ ਸਾਹਿਬ ਦੇ ਦਰਸਾਈ ਰਾਹ 'ਤੇ ਚੱਲਣ 'ਚ ਹੀ ਹਿੱਤ ਹੈ। ਆਮ ਤੌਰ 'ਤੇ ਲੰਗਰ ਜਾਂ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਸੰਦਰਭ ਚਰਚਾ ਵਿਚ ਰਹੇ। ਇਹ ਵਿਚਾਰ ਹੋਇਆ ਹੀ ਨਹੀਂ ਕਿ ਗੁਰਬਾਣੀ ਦੀ ਪ੍ਰੇਰਨਾ ਕੀ ਹੈ? ਭਾਈ ਗੁਰਦਾਸ ਜੀ ਦਾ ਕਥਨ ਚਰਚਾ 'ਚ ਆਇਆ ਹੀ ਨਹੀਂ ਕਿ

“ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕ ਆਇਆ।”

ਪਹਿਲੀ ਜੋਤ ਤੋਂ ਦੱਸਵੀਂ ਗੁਰੂ ਨਾਨਕ ਜੋਤ ਦਾ ਮਿਸ਼ਨ ਮਨੁੱਖਤਾ ਨੂੰ ਕਲਿਯੁਗ ਦੇ ਬਿਖ ਤੋਂ ਬਾਹਰ ਕੱਢਣਾ ਤੇ ਸਹਿਜ ਆਨੰਦ ਵਿਚ ਲਿਆਉਣਾ ਸੀ। ਇਹ ਮਿਸ਼ਨ ਅੰਤਰ ਅਵਸਥਾ ਬਦਲਣ ਦਾ ਸੀ। ਗੁਰਬਾਣੀ ਭੌਤਿਕ ਜਗਤ ਦੇ ਮਨੁੱਖ ਨਾਲ ਨਹੀਂ, ਕਲਯੁਗ ਦੇ ਦੁੱਖਾਂ ਨਾਲ ਤ੍ਰਾਹ-ਤ੍ਰਾਹ ਕਰ ਰਹੀ ਜੀਵਾਤਮਾ ਨਾਲ ਸੰਵਾਦ ਹੈ। ਗੁਰਬਾਣੀ ਸਦਾ ਹੀ ਕਾਲ, ਅਕਾਲ ਪੁਰਖ ਤੇ ਇਨ੍ਹਾਂ ਤੋਂ ਜਨਮ ਲੈਣ ਵਾਲੇ ਵਿਚਾਰ ਨੂੰ ਕੇਂਦਰ ਵਿਚ ਰੱਖਦੀ ਹੈ-

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਗੁਰਬਾਣੀ ਮਨੁੱਖੀ ਹੋਂਦ ਨੂੰ ਕਰਮਾਂ ਦੀ ਖੇਡ ਮੰਨਦੀ ਹੈ ਤੇ ਮੁਕਤ ਹੋਣ ਲਈ ਪਰਮਾਤਮਾ ਦੀ ਮਿਹਰ ਪ੍ਰਾਪਤ ਕਰਣ ਦੀ ਪ੍ਰੇਰਨਾ ਦਿੰਦੀ ਹੈ- 'ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।'ਗੁਰੂ ਦੀ ਸ਼ਰਣ ਆਉਣ ਦਾ ਇੱਕੋ ਇਕ ਮਨੋਰਥ ਹੈ ਜੀਵਨ ਮੁਕਤ ਹੋਣਾ-“ਸਤਿਗੁਰ ਕੈ ਜਨਮੈ ਗਵਨੁ ਮਿਟਾਇਆ" ਗੁਰੂ ਸਾਹਿਬਾਨ ਦੇ ਮਿਸ਼ਨ ਨੂੰ ਸਮਾਜਿਕ ਬਰਾਬਰੀ, ਕਰਮਕਾਂਡ, ਪਖੰਡ ਦੇ ਖੰਡਨ, ਭਾਈਚਾਰੇ ਜਾਂ ਪ੍ਰੇਮ, ਸ਼ਾਂਤੀ ਜਿਹੇ ਸ਼ਬਦਾਂ ਵਿਚ ਸਮੇਟਣਾ ਉਸ ਦੀ ਮਹਾਨਤਾ ਦੀ ਬੇਕਦਰੀ ਤੇ ਘਾਣ ਹੈ। ਗੁਰਬਾਣੀ ਮਨੁੱਖ ਨੂੰ ਉਸ ਰਾਹ 'ਤੇ ਲਿਜਾਣਾ ਚਾਹੁੰਦੀ ਹੈ ਜਿਸ ਤੇ ਸਾਰੀਆਂ ਕਾਮਨਾਵਾਂ, ਵਾਸਨਾਵਾਂ ਤੇ ਵਿਕਾਰਾਂ ਤੋਂ ਮੁਕਤ ਹੋ ਕੇ ਮਨ ਨਿਰਮਲ ਹੋ ਜਾਏ ਤੇ ਪਰਮਾਤਮਾ ਦੀ ਸ਼ਰਣ ਦੇ ਯੋਗ ਹੋ ਸਕੇ।


ਮਨਸਾ ਆਸਾ ਸਬਦਿ ਜਲਾਈ।।ਗੁਰਮੁਖਿ ਜੋਤਿ ਨਿਰੰਤਰਿ ਪਾਈ।।

ਗੁਰਬਾਣੀ ਨਾਲ ਜੁੜਨ ਦਾ ਮਨੋਰਥ ਦੁਨਿਆਵੀ ਨਹੀਂ ਆਤਮਿਕ ਹੈ।

ਗੁਰਬਾਣੀ ਸੰਸਾਰ ਦੇ ਸੱਚ ਨਾਲ ਪਛਾਣ ਕਰਵਾਉਂਦੀ ਹੈ। ਜਿਸ ਨਾਲ ਮਨੁੱਖ ਨੇ ਮੋਹ ਲਾਇਆ ਹੈ, ਉਹ ਸਭ ਕੁਝ ਨਾਸ਼ਵਾਨ ਹੈ।ਕਿਆ ਮਾਗਉ ਕਿਛੁ ਥਿਰੁ ਨ ਰਹਾਈ।।ਦੇਖਤ ਨੈਨ ਚਲਿਓ ਜਗੁ ਜਾਈ।। ਭਗਤ ਕਬੀਰ ਜੀ ਦਾ ਉਕਤ ਵਚਨ ਮਨੁੱਖ ਦੀ ਹਰ ਕਾਮਨਾ, ਵਾਸਨਾ 'ਤੇ ਲਗਾਮ ਲਗਾਉਣ ਵਾਲਾ, ਉਸ ਨੂੰ ਮਿਥਿਆ ਸਿੱਧ ਕਰਨ ਵਾਲਾ ਹੈ। ਇਹੋ ਉਦਾਸੀ ਦੀ ਰੀਤ ਸੀ, ਜੋ ਭਾਈ ਗੁਰਦਾਸ ਜੀ ਮੁਤਾਬਕ ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਦੁੱਖਾਂ ਤੋਂ ਮੁਕਤ ਕਰਨ ਲਈ ਚਲਾਈ ਸੀ।ਸੰਸਾਰਕ ਕਾਮਨਾਵਾਂ ਤੋਂ ਉਦਾਸ ਹੋ ਜਾਣਾ ਹੀ ਗੁਰਬਾਣੀ ਦੇ ਰਾਹ 'ਤੇ ਤੁਰ ਪੈਣਾ ਹੈ। ਇਹ ਬਹੁਤ ਹੀ ਕਠਿਨ ਹੈ- 'ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ।।' ਪਰਮਾਤਮਾ ਦੀ ਮਿਹਰ ਨਾਲ ਹੀ ਉਦਾਸੀ, ਭਾਵ ਸਹਿਜ ਤੇ ਨਿਰਲੇਪ ਅਵਸਥਾ ਪ੍ਰਾਪਤ ਹੁੰਦੀ ਹੈ- 'ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।।' ਗੁਰਬਾਣੀ ਹੀ ਮੁਕਤੀ ਦਾ ਦੁਆਰ ਹੈ- 'ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ।।' ਗੁਰਬਾਣੀ ਦੇ ਰਾਹ 'ਤੇ ਚੱਲਣ ਦਾ ਫਲ ਸੰਸਾਰਕ ਭੋਗ ਵਿਲਾਸ, ਵਾਸਨਾਵਾਂ, ਕਾਮਨਾਵਾਂ ਨਾਲ ਭਰੇ ਭੌਤਿਕ ਜੀਵਨ ਦੀ ਮੌਤ ਤੇ ਪਰਮਾਤਮਾ ਦੇ ਭਰੋਸੇ ਨਾਲ ਭਰਪੂਰ ਆਤਮਿਕ ਜੀਵਨ ਦਾ ਜਨਮ ਹੈ। ਇਸ ਬਿਨਾਂ ਦੁੱਖਾਂ ਦਾ ਅੰਤ ਨਹੀਂ ਹੋ ਸਕਦਾ। ਗੁਰਸਿੱਖ ਦੀ ਸੱਚੀ ਕਿਰਤ ਭੌਤਿਕ ਜੀਵਨ ਦੇ ਰਜੇਵੇਂ ਦੀ ਨਹੀਂ, ਆਤਮਿਕ ਜੀਵਨ ਦੀ ਪ੍ਰਾਪਤੀ ਦੀ ਹੈ।ਗੁਰਮੁਖਿ ਰਤਨੁ ਲਹੈ ਲਿਵ ਲਾਇ।।ਗੁਰਮੁਖਿ ਪਰਖੈ ਰਤਨੁ ਸੁਭਾਇ।।ਗੁਰਮੁਖਿ ਸਾਚੀ ਕਾਰ ਕਮਾਇ।।ਗੁਰਮੁਖਿ ਸਾਚੇ ਮਨੁ ਪਤਿਆਇ।।ਗੁਰਸਿੱਖ ਦੀ ਭਗਤੀ ਮਨ ਨੂੰ ਪਰਮਾਤਮਾ ਨਾਲ ਜੋੜਨਾ ਤੇ ਪਰਮਾਤਮਾ ਲਈ ਸ਼ਰਧਾ ਭਾਵਨਾ ਨੂੰ ਜੀਵਨ ਦਾ ਢੰਗ ਬਣਾ ਲੈਣਾ ਹੈ। ਗੁਰਸਿੱਖ ਦੀ ਭਗਤੀ ਦਾ ਮਨੋਰਥ ਜੀਵਨ ਅੰਦਰ ਸ੍ਰੇਸ਼ਟ ਗੁਣ ਧਾਰਨ ਕਰਨਾ ਤੇ ਮਨ ਨੂੰ ਪਰਮਾਤਮਾ ਦੇ ਭਰੋਸੇ 'ਤੇ ਟਿਕਾ ਦੇਣਾ ਹੈ। ਪਰਮਾਤਮਾ 'ਤੇ ਭਰੋਸਾ ਟਿਕਾਉਣ ਵਾਲੇ ਗੁਰਸਿੱਖ 'ਤੇ ਪਰਮਾਤਮਾ ਆਪ ਮਿਹਰ ਕਰਦਾ ਹੈ ਤੇ ਗੁਰ ਸ਼ਬਦ ਮਨ ਅੰਦਰ ਦ੍ਰਿੜ੍ਹ ਕਰ ਦਿੰਦਾ ਹੈ- 'ਨਦਰਿ ਕਰੇ ਸ਼ਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ।।' ਸਾਰੇ ਭਰਮ ਮਿਟ ਜਾਂਦੇ ਹਨ, ਕੋਈ ਸ਼ੰਕਾ ਨਹੀ ਰਹਿੰਦੀ ਤੇ ਸੰਸਾਰ ਦੇ ਕੂੜ ਦਾ ਸੱਚ ਸਾਹਮਣੇ ਆ ਜਾਂਦਾ ਹੈ। ਪਾਵਨ ਗੁਰਬਾਣੀ ਦਾ ਵਾਸ ਮਨ ਤੇ ਤਨ ਨਿਰਮਲ ਕਰਨ ਵਾਲਾ ਅਤੇ ਪਰਮਾਤਮਾ 'ਤੇ ਵਿਸ਼ਵਾਸ ਦ੍ਰਿੜ੍ਹ ਕਰਨ ਵਾਲਾ ਹੈ- 'ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁ ਮੰਨਿ ਵਸਾਏ।।' ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਦੇ ਸਭ ਤੋਂ ਵਿਸਮਾਦੀ ਕੌਤਕ ਬਾਰੇ ਵੀ ਵਚਨ ਕੀਤੇ ਹਨ।ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ।।ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ।। ਗੁਰਬਾਣੀ ਦਾ ਕੌਤਕ ਉਸ ਪਰਮਾਤਮਾ ਦੀ ਪਛਾਣ ਕਰਵਾਉਣਾ ਹੈ ਜੋ ਨਿਰਾਕਾਰ ਹੈ, ਜਿਸ ਦਾ ਕੋਈ ਰੂਪ, ਰੇਖ, ਰੰਗ, ਵਰਨ, ਚਿਹਨ ਨਹੀਂ ਹੈ। ਜਿਸ ਨੂੰ ਅਸੰਖ ਮੁਨੀ, ਸੰਤ, ਜਤੀ, ਤਪੀ ਖੋਜ ਰਹੇ ਹਨ ਤੇ ਸਾਰਾ ਜੀਵਨ ਕਠਿਨ ਤੋਂ ਕਠਿਨ ਸਾਧਨਾ ਵਿਚ ਲਾ ਦਿੰਦੇ ਹਨ। ਗੁਰਬਾਣੀ ਇਹ ਕੌਤਕ ਸਹਿਜ ਹੀ ਵਰਤਾ ਦਿੰਦੀ ਹੈ- 'ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ, ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਈ£' ਪਰਮਾਤਮਾ ਦਾ ਸਰਬ ਵਿਆਪੀ ਰੂਪ ਪ੍ਰਗਟ ਹੁੰਦਾ ਹੈ ਤਾਂ ਗੁਰਸਿੱਖ ਸੰਸਾਰ ਦੇ ਸਾਰੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਆਵਾਗਮਨ ਦੇ ਚੱਕਰ ਤੋਂ ਬਾਹਰ ਨਿਕਲ ਆਉਂਦਾ ਹੈ- 'ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ।।'ਗੁਰਬਾਣੀ ਮਨ 'ਚ ਵਸ ਜਾਏ ਤਦ ਹੀ ਜੀਵਨ ਸਫਲ ਹੈ ਪਰ ਗੁਰਬਾਣੀ ਮਨ ਅੰਦਰ ਵਸ ਗਈ ਹੈ, ਇਹ ਕਿਵੇਂ ਸਾਬਤ ਹੋਵੇਗਾ? ਅਸੰਖ ਗੁਰਸਿੱਖ ਗੁਰਬਾਣੀ ਦਾ ਪਾਠ ਕਰਦੇ ਸੁਣਦੇ ਹਨ। ਗੁਰਬਾਣੀ ਦਾ ਪਾਠ ਕਰਨਾ ਤੇ ਸੁਣਨਾ ਨਿਰਾ ਭੌਤਿਕ ਕਰਮ ਹੈ ਜਦੋਂ ਤਕ ਮਨ ਦੀ ਅਵਸਥਾ ਨਹੀਂ ਬਦਲਦੀ, ਮਨ ਅੰਦਰ ਸ਼ੁੱਭ ਭਾਵਨਾ ਜਨਮ ਨਹੀਂ ਲੈਂਦੀ। ਗੁਰਬਾਣੀ ਉਸ ਭਾਵਨਾ ਦੀ ਜਨਮ-ਦਾਤਾ ਹੈ ਜੋ ਸਦੀਵੀ ਹੁੰਦੀ ਹੈ- 'ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ।।' ਇਹ ਭਾਵਨਾ ਹੀ ਸੰਸਾਰਕ ਤੇ ਭੌਤਿਕ ਜੀਵਨ ਦੀ ਮੌਤ ਅਤੇ ਆਤਮਿਕ ਜੀਵਨ ਦੀ ਪ੍ਰਾਪਤੀ ਦਾ ਪ੍ਰਮਾਣ ਹੈ। ਗੁਰੂ ਰਾਮਦਾਸ ਜੀ ਨੇ ਵਚਨ ਕੀਤੇ ਕਿ ਉਹ ਵਡਭਾਗੀ ਹਨ, ਜਿਨ੍ਹਾਂ ਅੰਦਰ ਦਿਨ-ਰਾਤ ਪਰਮਾਤਮਾ ਦੀ ਭਗਤੀ ਦਾ ਭਾਵ ਚੱਲਦਾ ਹੈ। ਕਿਸੇ ਵਿਰਲੇ ਅੰਦਰ ਹੀ ਇਹ ਕੌਤਕ ਵਰਤਦਾ ਹੈ- 'ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ' ਗੁਰਬਾਣੀ ਬਾਹਲੇ ਭੇਖ ਤੇ ਕਰਮ ਕਰਨ ਵਾਲੇ ਨੂੰ ਨਹੀਂ, ਉਸ ਨੂੰ ਗੁਰਮੁਖ ਮੰਨਦੀ ਹੈ, ਜਿਸ ਦੇ ਮਨ ਅੰਦਰ ਸਚ ਤੇ ਗਿਆਨ ਦਾ ਪ੍ਰਕਾਸ਼ ਹੈ ਤੇ ਜਿਸ ਨੇ ਗੁਰਮਤਿ ਅਨੁਸਾਰ ਪਰਮਾਤਮਾ ਨੂੰ ਪਛਾਣ ਲਿਆ ਹੈ- 'ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ।।' ਗੁਰਬਾਣੀ ਪਰਮਾਤਮਾ ਨਾਲ ਮੇਲ ਦਾ ਜੋ ਰਾਹ ਵਿਖਾਉਂਦੀ ਹੈ ਉਸ ਤੋਂ ਸਹਿਜ ਤੇ ਸਰਲ ਕੁਝ ਹੋਰ ਨਹੀਂ ਹੋ ਸਕਦਾ।ਸੁਣਿ ਹਰਿ ਕਥਾ ਉਤਾਰੀ ਮੈਲੁ।।ਮਹਾ ਪੁਨੀਤ ਭਏ ਸੁਖ ਸੈਲੁ।।ਵਡੈ ਭਾਗਿ ਪਾਇਆ ਸਾਧਸੰਗੁ।।ਪਾਰਬ੍ਰਹਮ ਸਿਉ ਲਾਗੋ ਰੰਗੁ।। ਉਕਤ ਵਚਨ ਗੁਰੂ ਅਰਜਨ ਦੇਵ ਜੀ ਦਾ ਹੈ। ਗੁਰੂ ਸਾਹਿਬ ਨੇ ਹਰਿ ਜਸ ਤੇ ਸਾਧਸੰਗਤ ਨੂੰ ਮੁੱਖ ਰੱਖਿਆ ਹੈ। ਗੁਰਬਾਣੀ ਪਰਮਾਤਮਾ ਦੀ ਵਡਿਆਈ ਨੂੰ ਜਾਨਣ, ਸਮਝਣ ਤੇ ਧਾਰਨ ਕਰਨ ਦੀ ਸਭ ਤੋਂ ਵੱਡੀ ਟੇਕ ਹੈ। ਗੁਰਸਿੱਖ ਦਾ ਮਨ ਗੁਰਬਾਣੀ ਅੰਦਰ ਪਰਗਟ ਹੋਈ ਪਰਮਾਤਮਾ ਦੀ ਮਹਿਮਾ ਨਾਲ ਜੁੜਨ ਦਾ ਯਤਨ ਕਰੇ। ਪਰਮਾਤਮਾ ਹੀ ਕਰਤਾ, ਦਾਤਾ ਤੇ ਪਾਲਣਹਾਰ ਹੈ- 'ਆਪੇ ਕਰੇ ਕਰਾਏ ਆਪੇ, ਆਪੇ ਥਾਪਿ ਉਥਾਪੇ ਆਪੇ, ਤੁਝ ਤੇ ਬਾਹਰਿ ਕਛੂ ਨ ਹੋਵੈ, ਆਪੇ ਕਾਰੇ ਲਾਵਣਿਆ।।' ਪਰਮਾਤਮਾ ਦੀ ਮਹਿਮਾ ਸਾਰੇ ਭਰਮ ਤੋੜਨ ਵਾਲੀ ਹੈ। ਗੁਰਬਾਣੀ ਮਨ ਨੂੰ ਨਿਮਾਣੀ ਅਵਸਥਾ 'ਚ ਲਿਜਾ ਕੇ ਪਰਮਾਤਮਾ ਦੇ ਹੁਕਮ 'ਚ ਰਹਿਣਾ ਸਿਖਾਉਂਦੀ ਹੈ। ਮਨੁੱਖ ਨੂੰ ਸਮਝ ਆ ਜਾਂਦੀ ਹੈ ਕਿ 'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ£' ਇਹ ਵਿਸ਼ਵਾਸ ਦ੍ਰਿੜ੍ਹ ਹੋਣ ਤੋਂ ਬਾਅਦ ਹੀ ਸਮਝ ਆਉਂਦਾ ਹੈ ਕਿ 'ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।।' ਆਪਣੇ ਔਗੁਣ ਪਛਾਣ ਕੇ ਪਰਮਾਤਮਾ ਦੇ ਗੁਣ ਵੇਖਣਾ ਹੀ ਗੁਰਬਾਣੀ ਦਾ ਸਫਲ ਗਾਇਨ ਹੈ।ਮਨੁੱਖ ਪਰਮਾਤਮਾ ਨੂੰ ਆਪਣਾ ਸੰਗੀ ਬਣਾ ਲਵੇ ਤੇ ਉਸ ਦੀ ਪ੍ਰੀਤ 'ਚ ਰੰਗ ਜਾਏ- 'ਸੰਗਿ ਤੁਮਾਰੈ ਮੈ ਕਰੇ ਆਨੰਦਾ ਜੀਉ।।' ਪਰਮਾਤਮਾ ਦੀ ਸੱਤਾ, ਉਸ ਦੇ ਗੁਣ ਚੇਤਨਾ ਦਾ ਹਿੱਸਾ ਬਣ ਜਾਣ, ਪਰਮਾਤਮਾ ਨਿਕਟ ਵਿਖਾਈ ਦੇਣ ਲੱਗ ਪਵੇ ਤਾਂ ਮਨੁੱਖ ਦੇ ਭਾਗ ਜਾਗ ਉੱਠਦੇ ਹਨ- 'ਵਡੈ ਭਾਗਿ ਪਾਇਆ ਸਾਧਸੰਗੁ।।' ਗੁਰੂ ਅਰਜਨ ਸਾਹਿਬ ਨੇ ਕਿਹਾ ਹੈ ਕਿ ਪਰਮਾਤਮਾ ਦਾ ਜਸ ਗਾਇਨ ਕਰਨ ਵਾਲੇ ਤੇ ਸਾਧ ਸੰਗਤ ਕਰਨ ਵਾਲੇ, ਭਾਵ ਪਰਮਾਤਮਾ ਨੂੰ ਆਪਣੀ ਪ੍ਰਤੀਤਿ ਬਣਾ ਲੈਣ ਵਾਲੇ ਗੁਰਸਿੱਖ ਦੇ ਜੀਵਨ ਕਰਮ ਨਿਰਮਲ ਹੋ ਜਾਂਦੇ ਹਨ- 'ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ, ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ£' ਗੁਰਬਾਣੀ ਦਾ ਇਹ ਮਹਾਨ ਕ੍ਰਿਸ਼ਮਾ ਗੁਰਬਾਣੀ ਮਨ ਅੰਦਰ ਧਾਰਨ ਕਰ ਕੇ ਹੀ ਅਨੁਭਵ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਵਚਨ ਇਸ ਸੰਦਰਭ ਵਿਚ ਸਦਾ ਚੇਤੇ ਰੱਖਣਯੋਗ ਹਨ :ਗੁਰ ਕਾ ਸਬਦੁ ਰਿਦ ਅੰਤਰਿ ਧਾਰੈ।।ਪੰਚ ਜਨਾ ਸਿਉ ਸੰਗੁ ਨਿਵਾਰੈ।।ਦਸ ਇੰਦ੍ਰੀ ਕਰਿ ਰਾਖੈ ਵਾਸਿ।।ਤਾ ਕੈ ਆਤਮੈ ਹੋਇ ਪਰਗਾਸੁ।। ਗੁਰਬਾਣੀ ਗੁਰਸਿੱਖ ਦੇ ਅੰਤਰ ਨੂੰ ਰੋਸ਼ਨ ਕਰਨ ਵਾਲੀ ਅਖੰਡ, ਨਿਰੰਤਰ ਜੋਤ ਹੈ, ਜੋ ਸੁਕਰਮ ਕਰਨ ਦਾ ਮਾਰਗ ਵਿਖਾਉਂਦੀ ਤੇ ਇਸ ਮਾਰਗ 'ਤੇ ਅੱਗੇ ਤੋਰਦੀ ਹੈ।

**-ਡਾ. ਸਤਿੰਦਰ ਪਾਲ ਸਿੰਘ**


# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਐਡਵੋਕੇਟ ਧਾਮੀ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਨਾਨਕਸ਼ਾਹੀ ਸੰਮਤ 558 ਦਾ ਕੈਲੰਡਰ ਕੀਤਾ ਜਾਰੀ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੱਜ ਨਾਨਕਸ਼ਾਹੀ ਸੰਮਤ 558 (ਸੰਨ 2026-27) ਦਾ ਕੈਲੰਡਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਭਗਤ ਰਵਿਦਾਸ ਜੀ ਦੇ 650 ਸਾਲਾ ਜਨਮ ਦਿਹਾੜੇ ਅਤੇ ਸ੍ਰੀ ਕੀਰਤਪੁਰ ਸਾਹਿਬ 400 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ।ਕੈਲੰਡਰ ਜਾਰੀ ਕਰਨ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਦਾ ਨਵਾਂ ਵਰ੍ਹਾ 1 ਚੇਤ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦਿਨ ਹਰ ਗੁਰਦੁਆਰਾ ਸਾਹਿਬਾਨ ਅੰਦਰ ਗੁਰਮਤਿ ਸਮਾਗਮ ਕਰਕੇ ਇਸ ਦੀ ਆਰੰਭਤਾ ਕਰਨੀ ਚਾਹੀਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ ਅਤੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿਚ ਲਗਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਾਲ ਭਗਤ ਰਵਿਦਾਸ ਜੀ ਦਾ 650 ਸਾਲਾ ਜਨਮ ਦਿਹਾੜਾ ਅਤੇ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਕੌਮ ਵੱਲੋਂ ਚੜ੍ਹਦੀ ਕਲਾ ਅਤੇ ਪੰਥਕ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਸ਼ਤਾਬਦੀ ਸਬੰਧੀ ਭਾਈਚਾਰੇ ਨਾਲ ਮਿਲ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਉਲੀਕੀ ਜਾਵੇਗੀ।


ਇਸੇ ਤਰ੍ਹਾਂ ਹੀ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਨੂੰ ਵੀ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਦੇ ਸਹਿਯੋਗ ਨਾਲ ਯਾਦਗਾਰੀ ਬਣਾਉਣ ਵਾਸਤੇ ਕਾਰਜ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਭਾਈ ਤਾਰਾ ਸਿੰਘ ਵਾਂ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 11 ਤੋਂ 14 ਮਾਰਚ 2026 ਤੱਕ ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਸ਼ਤਾਬਦੀ ਸਮਾਗਮ ਹੋਣਗੇ। ਉਨ੍ਹਾਂ ਜਿਥੇ ਸੰਗਤਾਂ ਨੂੰ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ, ਉਥੇ ਹੀ ਨਾਨਕਸ਼ਾਹੀ ਸੰਮਤ 558 ਦੀ ਆਰੰਭਤਾ ਮੌਕੇ 13 ਮਾਰਚ ਦੀ ਰਾਤ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋ ਰਹੇ ਗੁਰਮਤਿ ਸਮਾਗਮ ਵਿਚ ਪੁੱਜਣ ਲਈ ਵੀ ਕਿਹਾ। ਐਡਵੋਕੇਟ ਧਾਮੀ ਨੇ ਆਉਣ ਵਾਲੇ ਨਾਨਕਸ਼ਾਹੀ ਸੰਮਤ 558 ਦੀ ਸਿੱਖ ਜਗਤ ਨੂੰ ਵਧਾਈ ਦਿੱਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੇਜਰ ਸਿੰਘ ਢਿੱਲੋਂ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸ. ਫੁੰਮਣ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸ. ਹਰਪਾਲ ਸਿੰਘ ਜੱਲ੍ਹਾ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ, ਸ. ਬਗੀਚਾ ਸਿੰਘ, ਸ. ਮਲਕੀਤ ਸਿੰਘ ਆਦਿ ਹਾਜ਼ਰ ਸਨ।




......ਨਾਦ ਦੇ ਦੋ ਰੂਪ ਹਨ: ਆਹਤ ਤੇ ਅਨਾਹਤ। ਆਹਤ ਦੇ ਸ਼ਬਦੀ ਅਰਥ ਕਿਸੇ ਚੀਜ਼'ਤੇ ਚੋਟ ਕਰਨ ਨਾਲ ਪੈਦਾ ਹੋਈ ਅਵਾਜ਼ ਜਾਂ ਧੁਨੀ ਹਨ। ਇਵੇਂ ਆਹਤ ਨਾਦ ਕਿਸੇ ਸੰਗੀਤਕ ਸਾਜ਼ ਜਾਂ ਵਸਤੂ ਰਾਹੀਂ ਕਿਸੇ ਵਿਅਕਤੀ ਵੱਲੋਂ ਉਤਪੰਨ ਕੀਤਾ ਜਾਂਦਾ ਹੈ। ਅਨਾਹਤ ਉਹ ਹੈ ਜੋ ਬਿਨਾਂ ਹਤ ਕੀਤੇ ਵੱਜੇ। ਇਹ ਨਾਦ ਉਹ ਹੈ ਜੋ ਸਮੁੱਚੇ ਬ੍ਰਹਿਮੰਡ ਵਿਚ ਗੂੰਜ ਰਿਹਾ ਹੈ ਅਤੇ ਇਸ ਨੂੰ ਅਨੁਭਵ ਦੀ ਪੱਧਰ ਤੇ ਅੰਤਰ-ਆਤਮੇ ਵਿਚ ਸੁਣਿਆ ਜਾਂਦਾ ਹੈ। ਇਹ ਖਾਮੋਸ਼ੀ ਦੀ ਉਹ ਆਵਾਜ਼ (the voice of silence) ਹੈ ਜੋ ਸਿਰਜਣਾ ਤੋਂ ਪਹਿਲਾਂ ਵੀ ਵਰਤ ਰਹੀ ਸੀ ਅਤੇ ਉਤਪਤੀ ਅਤੇ ਪਰਲੇ ਦੇ ਵਿਚਾਲੇ ਵੀ ਨਿਰੰਤਰ ਵਰਤ ਰਹੀ ਹੈ। ਅਨਹਦ ਵਾਜੇ ਦੇ ਰੂਪ ਵਿਚ ਇਹ ਦੇਸ਼-ਕਾਲ ਦੀਆਂ ਸੀਮਾਵਾਂ ਤੋਂ ਵੀ ਪਰੇ-ਪਰੇਰੇ ਹੈ ਅਤੇ ਧੁਨਿ ਰੂਪ ਵਿਚ ਅਨੁਭਵੀ ਪੁਰਸ਼ਾਂ ਦੇ ਹਿਰਦੇ ਅੰਦਰ ਧੁਨਕਾਰ ਦਿੰਦਾ ਹੈ। ਇਵੇਂ 'ਅਨਹਦ ਵਾਜੇ ਧੁਨਿ ਵਜਦੇ' ਰਾਗ-ਨਾਦ ਦੀ ਉਹ ਸਰਬ-ਵਿਆਪਕਤਾ ਅਤੇ ਸਰਬ ਨਿਰੰਤਰਤਾ ਹੈ ਜੋ ਆਪਣੇ ਕਰਤਾਰੀ ਰੂਪ ਵਿਚ 'ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ' ਹੈ ਅਤੇ ਨਿਸਤਾਰੀ ਰੂਪ ਵਿਚ 'ਨਾਮ-ਧੁਨਿ' ਹੈ। ਗੁਰਮੁਖ ਰੂਹਾਂ, ਅਨੁਭਵੀ ਪੁਰਸ਼ਾਂ ਅਤੇ ਸੰਤ-ਮਹਾਤਮਾਵਾਂ ਨੇ ਇਸ ਦੈਵੀ ਰਾਗ ਨੂੰ ਅਖੰਡ-ਕੀਰਤਨ, ਨਿਰਬਾਣ-ਕੀਰਤਨ, ਦਿੱਭ-ਧੁਨੀ, ਉਦਗੀਥ (ਉਪਰਲੇ ਮੰਡਲਾਂ ਦਾ ਗੀਤ) ਕਹਿ ਕੇ ਯਾਦ ਕੀਤਾ ਹੈ।ਆਹਤ ਨਾਦ ਜਿਸ ਨੂੰ ਦੁਨਿਆਵੀ ਨਾਦ ਜਾਂ ਸੰਗੀਤ ਕਿਹਾ ਜਾਂਦਾ ਹੈ, ਦੀ ਸੀਮਾ ਤ੍ਰੈਗੁਣੀ ਰਚਨਾ ਤੱਕ ਹੈ। ਤ੍ਰੈਗੁਣੀ ਰਚਨਾ ਮਾਇਆ ਦਾ ਪਸਾਰਾ ਹੈ ਤੇ ਆਮ ਬੰਦੇ ਦੀ ਜੀਵਨ-ਲੀਲਾ ਇਹਨਾਂ ਤਿੰਨਾਂ ਗੁਣਾਂ ਵਿਚ ਹੀ ਉਸਲ-ਵੱਟੇ ਲੈਂਦੀ ਰਹਿੰਦੀ ਹੈ। ਜੋ ਜੀਵ ਇਹਨਾਂ ਤਿੰਨਾਂ ਗੁਣਾਂ (ਰਜ-ਤਮ-ਸਤ) ਨੂੰ ਉਲੰਘ ਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ, ਉਹ ਚਉਥੇ ਪਦ ਦੇ ਨਿਰਲੇਪ ਜੀਵਨ ਵਿਚ ਵਿਚਰਦਾ ਹੈ। ਇਸੇ ਨੂੰ ਸਹਿਜ ਅਵਸਥਾ ਕਿਹਾ ਗਿਆ ਹੈ:ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ॥ ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ॥ ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ॥ਹਰਿ ਜੀਉ ਤੇਰੈ ਮਨਿ ਵਸੈ ਭਾਈ ਹਰਿ ਕੇ ਗੁਣ ਗਾਇ॥ਆਹਤ ਨਾਦ ਦੀਆਂ ਤਿੰਨ ਪਰਤਾਂ ਹੁੰਦੀਆਂ ਹਨ। ਇਸ ਦੀ ਪਹਿਲੀ ਸੰਗੀਤਕ ਸੁਰ ਰਜੋ ਗੁਣ ਦੀ ਹੈ। ਜਿਸ ਨੂੰ ਸੁਣ ਕੇ ਵਿਅਕਤੀ ਖੁਸ਼ ਹੁੰਦਾ ਹੈ। ਦੂਜੀ ਪਰਤ ਤਮੋ ਗੁਣ ਦੀ ਹੈ ਜਿਸ ਨੂੰ ਸੁਣ ਕੇ ਕਰੁਣਾ ਜਾਗਦੀ ਹੈ ਤੇ ਬੰਦਾ ਏਨਾ ਦ੍ਰਵਿਤ ਹੋ ਜਾਂਦਾ ਹੈ ਕਿ ਆਪ ਮੁਹਾਰੇ ਹੰਝੂ ਵਹਿ ਤੁਰਦੇ ਹਨ। ਤੀਜੀ ਪਰਤ ਸਤੋ ਗੁਣ ਦੀ ਹੈ ਜਿਸ ਦੀ ਸੰਗੀਤਕ ਧੁਨ ਸੁਣ ਕੇ ਬੰਦਾ ਮਸਤ-ਮਦਹੋਸ਼ ਹੋ ਜਾਂਦਾ ਹੈ। ਅਨਾਹਦ ਨਾਦ ਉਹ ਦੈਵੀ ਨਾਦ ਹੈ ਜਿਸ ਦੀ ਸੰਗੀਤਕ ਸੀਮਾਂ ਇਹਨਾ ਤਿੰਨਾ ਗੁਣਾਂ ਨੂੰ ਉਲੰਘ ਕਿ ਚੌਥੀ ਪਰਤ ਦੇ ਰੂਪ ਵਿੱਚ ਖੁੱਲਦੀ ਹੈ, ਜੋ ਪਦ ਨਿਰਵਾਣ ਵਾਲੀ ਨਿਰ-ਵਿਕਲਪ ਅਵਸਥਾ ਦੇ ਸਰੂਰ ਵਾਲੀ ਹੈ। ਇਸ ਦੀ ਸੰਗੀਤਕ ਧੁਨ ਇੱਕ ਨਿਰੰਤਰ ਸੱਦ ਹੈ, ਅੱਲਾਹ ਵੱਲੋਂ ਰੂਹ ਨੂੰ। ਇਥੇ ਮਨ-ਮਾਇਆ ਦੀਆਂ ਮਸਤੀਆਂ ਪਿੱਛੇ ਰਹਿ ਜਾਂਦੀਆਂ ਹਨ ਤੇ ਰੂਹ ਵਜਦ ਵਿਚ ਆਉਂਦੀ ਹੈ।ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਬਾਹਰਮੁਖਤਾ ਵਿਚਲੇ ਰਾਗਾਂਅਨੁਸਾਰ ਜੋ ਕੀਰਤਨ ਕੀਤਾ ਜਾਂਦਾ ਹੈ, ਕੀ ਉਸ ਨੂੰ ਦੁਨਿਆਵੀ ਸੰਗੀਤ ਨਾਲ ਜੋੜ ਕੇ ਵੇਖਿਆ ਜਾਵੇ? ਜੇ ਇਹ ਅਜਿਹਾ ਸੰਗੀਤ ਨਹੀਂ ਤਾਂ ਫੇਰ ਇਸ ਦਾ ਅਖੰਡ-ਕੀਰਤਨ ਜਾਂ ਨਿਰਬਾਣ-ਕੀਰਤਨ ਨਾਲ ਕੀ ਸਬੰਧ ਹੈ? ਇਸ ਸੰਦਰਭ ਵਿਚ ਵਿਚਾਰਨ ਵਾਲੀ ਪਹਿਲੀ ਗੱਲ ਇਹ ਹੈ ਕਿ ਗੁਰਮਤਿ ਵਿਚ ਕੀਰਤਨ ਦਾ ਸੰਕਲਪ ਜੋ ਸਾਹਮਣੇ ਆਇਆ ਹੈ, ਉਹ ਦੁਨਿਆਵੀ ਸੰਗੀਤ ਵਾਂਗ ਮਨੋਰੰਜਨ ਦਾ ਸਾਧਨ ਨਹੀਂ ਤੇ ਨਾ ਹੀ ਕੰਨ ਰਸ ਤੱਕ ਸੀਮਿਤ ਹੈ। ਇਹ ਤਾਂ ਇੱਕ ਸਾਧਨਾ ਪੱਧਤੀ ਹੈ ਜੋ ਗੁਰਸਿੱਖ ਨੂੰ ਪਰਮ ਸਤਿ ਨਾਲ ਜੋੜਨ ਦਾ ਮਾਧਿਅਮ ਬਣਦੀ ਹੈ।ਦੂਜਾ ਬਾਹਰਮੁਖੀ ਰੂਪ ਵਿਚ ਰਾਗਾਂ ਅਨੁਸਾਰ ਗੁਰਬਾਣੀ ਦਾ ਕੀਤਾ ਜਾਂਦਾ ਗਾਇਨ (ਕੀਰਤਨ) ਪਰਮ-ਸਤਿ ਦੀ ਸਿਫਤ-ਸਲਾਹ ਹੈ, ਜਿਸ ਨੇ ਅੰਤਰ-ਮੁਖਤਾ ਨਾਲ ਜੁੜ ਕੇ 'ਅਖੰਡ-ਕੀਰਤਨ' ਅਤੇ ਫਿਰ 'ਨਾਮ-ਧੁਨਿ' ਦੀ ਨਿਰੰਤਰਤਾ ਵਿਚ ਉਜਾਗਰ ਹੋ ਜਾਣਾ ਹੁੰਦਾ ਹੈ।ਭਾਵੇਂ ਇਹ ਕੀਰਤਨ ਆਹਤ ਨਾਦ ਦੇ ਘੇਰੇ ਵਿਚ ਆਉਂਦਾ ਹੈ, ਪਰ ਇਹ ਮਨ ਨੂੰ ਪ੍ਰਭੂ ਨਾਲ ਕੇਂਦਰਿਤ ਕਰਨ ਦਾ ਸਾਧਨ/ਮਾਧਿਅਮ ਬਣਦਾ ਹੈ। ਇਹ ਤ੍ਰੈ-ਗੁਣੀ ਰਚਨਾ ਵਿਚ ਭੱਜੇ ਫਿਰਦੇ ਅਤੇ ਭਟਕੇ ਮਨ ਨੂੰ ਸੁਣਾਇਆ ਜਾਂਦਾ ਹੈ। ਹੌਲੀ-ਹੌਲੀ ਜਦ ਮਨ ਥਿਰ ਹੋ ਜਾਂਦਾ ਹੈ ਫਿਰ ਮਨ ਹੀ ਸਾਜ ਬਣ ਜਾਂਦਾ ਹੈ ਤੇ ਇਸੇ ਨੂੰ ਅੰਤਰ-ਮੁਖਤਾ ਵਿਚ ਵਜਾਇਆ ਜਾ ਰਿਹਾ ਹੁੰਦਾ ਹੈ। ਇਵੇਂ ਬਾਹਰਮੁਖੀ ਕੀਤਰਨ ਅੰਦਰਲੇਸਾਜ ਨੂੰ ਸੁਰ ਕਰਨ ਦਾ ਜ਼ਰੀਹਾ ਹੈ। ਅਜਿਹਾ ਹੋਣ ਉਪਰੰਤ ਇਹ ਸਾਜ-ਹਸਤੀ ਦਾ ਆਪਣਾ ਨਗਮਾ ਬਣ ਜਾਂਦਾ ਹੈ। ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਹਨ-ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡ ਕਿਤੁ ਥਾਇ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ॥ਕੀਰਤਨ ਨੂੰ ਜਦ ਕਮਾਈ ਦਾ ਸਾਧਨ ਬਣਾ ਲਿਆ ਜਾਵੇ ਤਾਂ ਉਸ ਵਿਚੋਂ ਸਾਧਨਾ ਅਲੋਪ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਅਜੋਕੇ ਸੰਦਰਭ ਵਿਚ ਨਾ ਉਸ ਭਾਵਨਾ ਨਾਲ ਕੀਰਤਨ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਉਸ ਭਾਵਨਾ ਨਾਲ ਸੁਣਿਆ ਜਾ ਰਿਹਾ ਹੈ। ਕੀਰਤਨ ਸਿਮਰਨ ਦੀ ਸਾਧਨਾ ਦੀ ਥਾਂ ਇੱਕ ਰਸਮ ਬਣ ਕੇ ਰਹਿ ਗਿਆ ਹੈ। ਕੀਰਤਨ ਦੀ ਪਰੰਪਰਾ ਦਾ ਪ੍ਰਾਰੰਭ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਰੂਪ ਵਿਚ ਕੀਤਾ ਸੀ, ਉਸ ਦਾ ਮਕਸਦ ਇਹ ਸੀ ਕਿ ਰੱਬ ਨਾਲ ਜੁੜਨ ਲਈ ਕਠਿਨ ਸਾਧਨਾ ਤੇ ਜੋਗ ਅਭਿਆਸ ਦੀ ਥਾਂ ਕੀਰਤਨ ਨੂੰ ਸਾਧਨ ਬਣਾਇਆ ਜਾਵੇ।ਰਾਜ ਲੀਲਾ ਤੇਰੈ ਨਾਮ ਬਣਾਈ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ॥ਜਦੋਂ ਗੁਰੂ ਪਾਤਸ਼ਾਹ ਅੰਤਰ-ਆਤਮੇ ਨਾਲ ਇੱਕ-ਸੁਰ ਹੋ ਕੇ ਵਿਸਮਾਦ ਵਿਚ ਆਉਂਦੇ ਸਨ ਤਾਂ ਭਾਈ ਮਰਦਾਨੇ ਨੂੰ ਕਹਿੰਦੇ ਸਨ 'ਮਰਦਾਨਿਆਂ ਰਬਾਬ ਵਜਾਇ ਬਾਣੀ ਆਈ ਹੈ।' ਮਰਦਾਨੇ ਜੀ ਦਾ ਮਨ ਗੁਰੂ ਜੀ ਦਾ ਨੇੜ ਪ੍ਰਾਪਤ ਕਰ ਕੇ ਦੈਵੀ-ਬਖ਼ਸ਼ਿਸ਼ ਰਾਹੀਂ ਸੁਰ-ਬ੍ਰਹਮ ਨਾਲ ਵਿਭੂਸ਼ਿਤ ਹੋ ਚੁੱਕਾ ਸੀ ਤੇ ਉਹ ਅਨਾਹਤ ਦੀ ਗਤਿ ਨਾਲ ਸੁਰ ਹੋ ਕੇ ਜਦ ਰਬਾਬ ਵਜਾਉਂਦੇ ਤਾਂ ਸੰਗੀਤ ਦਾ ਚੌਥਾ ਪਰਦਾ ਖੁੱਲ੍ਹ ਜਾਂਦਾ ਸੀ। ਮਰਦਾਨਾ ਕੇਵਲ ਰਬਾਬੀ ਨਹੀਂ ਸੀ, ਉਹ ਖੁਦ ਰਬਾਬ ਸੀ। ਉਸ ਅੰਦਰਲਾ ਅਨਹਦ ਨਾਦ ਰਬਾਬ ਨੂੰ ਵਜਾਉਂਦਾ ਸੀ। ਇਸ ਗਾਇਨ ਵਿਚ ਬਾਣੀ, ਅਲਾਪ ਤੇ ਸੁਰ ਤਿੰਨੋਂ ਇੱਕ-ਮਿੱਕ ਹੋ ਕੇ ਪਰਮ-ਸਤਿ ਦੇ ਇਲਾਹੀ ਨਾਦ ਵਿਚ ਸਮਾਏ ਹੋਏ ਸਨ। ਇਹ ਕੀਰਤਨ (ਸਿਫ਼ਤਿ-ਸਲਾਹ) ਨਿਰਾ ਸੁਰਾਂ ਦਾ ਅਵਾਜ਼ਾ ਨਹੀਂ ਸੀ, ਸਗੋਂ ਇਸ ਪਰਦੇ ਹੇਠ ਤਰਬਾਂ ਸਨ ਤੇ ਤਰਬਾਂ ਦੀ ਛਾਂ ਹੇਠ ਪਰਮ-ਸਤਿ ਦੀ ਪਸਰੀ ਹੋਈ ਵਿਆਪਕ ਹੋਂਦ ਵਿਚ ਅਨਾਹਤ ਨਾਦ ਦੀ ਝੁਣਕਾਰ ਸੀ-ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ॥ ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ॥ ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ॥ ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ॥ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ॥ਸੰਸਾਰ ਦੀ ਸਮੁੱਚੀ ਰਚਨਾ ਵਿਚ ਇਹੀ ਵਿਸ਼ਵਤਾਲ ਚੱਲ ਰਿਹਾ ਹੈ।ਇਸ ਦੀ ਗਤਿ ਅਖੰਡ ਹੈ, ਲਯ ਅਟੁੱਟ ਹੈ। ਕੀਰਤਨ ਵਿਚ ਜਦ ਰੂਹ ਭਿੱਜ ਜਾਂਦੀ ਹੈ ਤਾਂ ਬਾਹਰਮੁਖੀ ਸੁਰਾਂ ਰਾਹੀਂ ਅੰਤਰਮੁਖੀ ਤਰਬਾਂ ਜਾਗ ਪੈਂਦੀਆਂ ਹਨ ਜਿਸ ਦੀ ਥਰਥਰਾਹਟ ਅਟੁੱਟ ਅਨਾਹਤ ਨਾਦ ਦਾ ਰੂਪ ਧਾਰਨ ਕਰ ਲੈਂਦੀ ਹੈ। ਇਥੇ ਹੱਥ ਵਿਚਲਾ ਸਾਜ਼ ਇੱਕ ਸੰਦ ਬਣ ਕੇ ਰਹਿ ਜਾਂਦਾ ਹੈ। ਇਵੇਂ ਬਾਹਰਮੁਖੀ ਕੀਰਤਨ ਜਦ 'ਨਾਮ-ਧੁਨਿ' ਬਣ ਕੇ ਗੁਰਸਿੱਖ ਦੇ ਹਿਰਦੇ ਅੰਦਰ ਨਿਰੰਤਰ ਚੱਲ ਪੈਂਦਾ ਹੈ ਤਾਂ ਇਸੇ ਨੂੰ ਅਖੰਡ ਕੀਰਤਨ ਕਿਹਾ ਜਾਂਦਾ ਹੈ। ਇਹ ਵਿਸਮਾਦੀ ਅਨੁਭਵ ਉਹਨਾਂ ਗੁਰਸਿੱਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਹਨਾਂ ਉਪਰ ਗੁਰੂ ਦੀ ਅਪਾਰ ਕਿਰਪਾ ਹੁੰਦੀ ਹੈ। ਫੇਰ ਜੀਵਨ ਦੀਆਂ ਚਾਹਤਾਂ 'ਰਜ-ਤਮ-ਸਤ' ਨਹੀਂ ਰਹਿ ਜਾਂਦੀਆਂ ਸਗੋਂ ਇਹ ਅੰਦਰੂਨੀ ਅਗੰਮੀ ਕੀਰਤਨ ਰੂਹ ਦਾ ਰੱਜ ਹੋ ਨਿਬੜਦਾ ਹੈਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥ ਕਹੁ ਨਾਨਕ ਜਿਸੁ ਸਤਿਗੁਰ ਪੂਰਾ॥ਇਵੇਂ ਬਾਹਰਮੁਖੀ ਕੀਰਤਨ ਅੰਦਰੂਨੀ ਅਖੰਡ-ਕੀਰਤਨ ਲਈ ਪ੍ਰੇਰਕ (catalistic) ਹੈ। ਬਾਹਰਮੁਖੀ ਕੀਰਤਨ (ਆਹਤ ਨਾਦ) ਦਾ 'ਅਨਹਦ ਵਾਜੇ ਧੁਨਿ ਵਜਦੇ' ਨਾਲ ਸਬੰਧ ਉਹੋ ਜਿਹਾ ਹੀ ਹੈ, ਜਿਵੇਂ ਅਸੀਂ ਧਰਤੀ ਵਿਚ ਬੋਰ ਕਰ ਕੇ ਨਲਕਾ ਲਾਉਂਦੇ ਹਾਂ। ਜਦ ਮਸ਼ੀਨ ਫਿੱਟ ਕਰ ਦਿੱਤੀ ਜਾਂਦੀ ਹੈ ਤਾਂ ਪਹਿਲਾਂ ਬਾਹਰੋਂ ਪਾਣੀ ਪਾਇਆ ਜਾਂਦਾ ਹੈ ਤੇ ਨਲਕਾ ਗੇੜਿਆ ਜਾਂਦਾ ਹੈ। ਕੁੱਝ ਚਿਰ ਅਜਿਹਾ ਕਰਨ ਨਾਲ ਹੇਠੋਂ ਪਾਣੀ ਨਿਕਲ ਆਉਂਦਾ ਹੈ। ਪਹਿਲਾਂ ਇਹ ਪਾਣੀ ਗੰਧਲਾ ਹੁੰਦਾ ਹੈ ਤੇ ਫਿਰ ਸਾਫ਼ ਹੋ ਜਾਂਦਾ ਹੈ। ਬਾਹਰੀ ਕੀਰਤਨ ਤਾਂ ਬੱਸ ਜੀਵ ਰੂਪੀ ਨਲਕੇ ਵਿਚ ਬਾਹਰੋਂ ਪਾਣੀ ਪਾਉਣ ਦੇ ਸਮਾਨ ਹੈ।ਜਦੋਂ ਪਾਣੀ ਹੇਠੋਂ ਨਿਕਲ ਆਉਂਦਾ ਹੈ ਤਾਂ ਉਹ ਸਵੱਛ, ਤਾਜ਼ਾ ਤੇ ਨਿਰੰਤਰ ਨਿਕਲਦਾ ਰਹਿੰਦਾ ਹੈ। ਇਹੀ 'ਅਨਹਦ ਵਾਜੇ ਧੁਨਿ ਵਜਦੇ' ਦਾ ਰਹੱਸ ਹੈ।ਕਲਾਸਕੀ ਸੰਗੀਤ ਅਨਾਹਦ ਨਾਦ ਨੂੰ ਸੁਰ-ਬੱਧ ਕਰਨ ਦਾ ਇੱਕ ਯਤਨ ਹੈ। ਸਮੂਰਤ ਬਾਹਰੀ ਸੁਰਾਂ ਅਮੂਰਤ ਅਨੁਭਵ ਨੂੰ ਅੰਦਰ ਸਾਕਾਰ ਕਰਦੀਆਂ ਹਨ। ਜਿਸ ਨਾਲ ਅੰਦਰ ਅਨੰਦ ਦਾ ਸੰਚਾਰ ਹੁੰਦਾ ਹੈ। ਅਨਾਹਦ ਨਾਦ ਜਦ ਅੰਦਰ ਜਾਗ ਪੈਂਦਾ ਹੈ ਤਾਂ ਆਪਾ ਪਰਮ-ਸਤਿ ਨਾਲ ਇੱਕ ਸੁਰ ਹੋ ਕੇ 'ਨਾਮ-ਧੁਨਿ' ਦੀ ਅਨੰਤਤਾ ਵਿਚ ਸਮਾ ਜਾਂਦਾ ਹੈ। ਇਹੀ ਕਠੋਰ ਮਨ ਨੂੰ ਦ੍ਰਵਿਤ ਕਰਨ ਦੀ ਚੇਤਨਾ ਹੈ:-ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥ਤਹ ਅਨਹਤ ਧੁਨਿ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥ਗੁਰਮਤਿ ਵਿਚ ਕੀਰਤਨ ਦਾ ਉਦੇਸ਼ ਤੇ ਨਿਸ਼ਾਨਾ ਅੰਤਰ-ਆਤਮੇ ਨੂੰ ਜਗਾਉਣਾ ਹੈ, ਵਿਸਮਾਦ ਵਿਚ ਟਿਕਾਉਣਾ ਹੈ। ਜਦੋਂ ਰਾਗੀ ਸ਼ਬਦ ਵਿਚ ਭਿੱਜ ਕੇ ਆਪਣੇ ਬਾਹਰੀ ਅਲਾਪ ਨੂੰ ਅੰਦਰੂਨੀ ਸਾਜ (ਹਿਰਦਾ/ਅੰਤਹਕਰਣ) ਨਾਲ ਇੱਕ-ਸੁਰ ਕਰ ਕੇ ਗਾਇਨ ਕਰਦਾ ਹੈ ਤਾਂ ਇਸ ਦਾ ਕੀਰਤਨ ਕਰਤਾ ਤੇ ਸਰੋਤਾ (ਸੰਗਤ) ਦੋਹਾਂ ਨੂੰ ਅਜਿਹਾ ਰਸ ਆਉਂਦਾ ਹੈ ਕਿ ਉਹ ਇਸ ਰਾਹੀਂ ਅੰਦਰਲੇ ਸਾਜ ਅਨਾਹਤ ਦੀ ਚੁੱਪ-ਖੁਮਾਰੀ ਵਿਚ ਝੂਮ ਉਠਦੇ ਹਨ। ਇਹ ਅੰਦਰਲਾ ਸਾਜ ਮਤਿ ਤੇ ਮਨ ਦਾ ਇਕਾਗਰ ਹੋਣਾ ਹੈ। ਪਰ ਜੇਕਰ ਰਾਗੀ ਇਹ ਸਮਝੇ ਕਿ ਇਹ ਉਸ ਦੇ ਆਪੇ ਦਾ ਹੁਨਰ ਜਾਂ ਕਲਾਕਾਰੀ ਹੈ ਤਾਂ ਇਹ ਸਿਰਫ ਸਵੈਮਾਣ ਦੀ ਪ੍ਰਤਿਸ਼ਠਾ ਰਹਿ ਜਾਂਦੀ ਹੈ। ਇਸ ਵਿਚ ਨਾ ਅੰਤਰੀਵਤਾ ਹੁੰਦੀ ਹੈ, ਨਾ ਸੁੰਨਯਤਾ ਦੀ ਲੈਅ, ਬੱਸ ਖਾਲੀ ਤਾਨ ਪ੍ਰਸਤਾਰ ਦੀ ਚਮਤਕਾਰੀ ਹੁੰਦੀ ਹੈ। ਅਜਿਹਾ ਗਾਇਨ ਰੋਟੀ-ਰੋਜੀ ਦਾ ਸਾਧਨ ਤਾਂ ਹੋ ਸਕਦਾ ਹੈ ਪਰ ਪਰਮ-ਸਤਿ ਦੀ ਸਿਫਤਿ-ਸਲਾਹ ਦਾ ਕੀਰਤਨ ਨਹੀਂ-ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ਪਰ ਜਦ ਰਾਗੀ ਰੂਹ ਦੀਆਂ ਗਹਿਰਾਈਆਂ ਵਿਚ ਉਤਰ ਕੇ ਗਾਇਨ ਕਰਦਾ ਹੈ ਤਾਂ ਉਸ ਦਾ ਰਾਗ ਕਈ ਰੂਪ ਬਦਲਦਾ ਸੂਖਮ ਹੁੰਦਾ ਜਾਂਦਾ ਹੈ। ਉਸ ਦੀ ਅਵਾਜ਼ ਨਿਰੀ ਹਵਾ ਦੀ ਥਰਥਰਾਹਟ ਨਹੀਂ ਰਹਿੰਦੀ, ਉਸ ਨਾਲ ਵਾਯੂਮੰਡਲ ਵਿਚ ਸੀਤਲਤਾ ਤੇ ਸਜਲਤਾ ਆ ਜਾਂਦੀ ਹੈ। ਇਹ ਤਰਾਵਤ ਤ੍ਰੇਲ ਵਰਗੀ ਹੁੰਦੀ ਹੈ ਜੋ ਬਿਨਾ ਸ਼ੋਰ ਦੇ ਚੁੱਪ ਦੇ ਰਸਤੇ ਰੂਹਾਨੀ ਖੇੜਾ ਬਖਸ਼ਦੀ ਹੈ। ਇਸ ਵਿਚ ਜ਼ਿੰਦਗੀ ਦਾ ਸਹਿਜ ਲੁਪਤ ਹੁੰਦਾ ਹੈ ਜੋ ਸਦੀਆਂ ਦੇ ਬੰਜਰ ਪਏ ਹਿਰਦਿਆਂ ਨੂੰ ਹਰਾ-ਭਰਾ ਕਰ ਦਿੰਦਾ ਹੈ। ਇਸ ਅਹਿਸਾਸ ਵਿਚ ਇਵੇਂ ਅਨੁਭਵ ਹੁੰਦਾ ਹੈ ਕਿ ਜੋ ਤਾਲ ਹਿਰਦੇ ਅੰਦਰ ਵੱਜ ਰਿਹਾ ਹੈ, ਉਹ ਕੁਦਰਤ ਦੇ ਹਰ ਵਰਤਾਰੇ ਵਿਚ ਵੱਜ ਰਿਹਾ ਹੈ।ਕੁਦਰਤ ਦੀ ਇਸ ਧੜਕਣ ਨੂੰ ਅਨਹਤ ਨਾਦ ਦੇ ਰੂਪ ਵਿਚ ਅਨੁਭਵ ਕਰਨਾ ਅਕਲਾਂ ਬੁੱਧਾਂ ਤੋਂ ਪਰ੍ਹੇ ਦੀ ਗੱਲ ਹੈ। ਇਸ ਦਾ ਖੇਤਰ ਵਿਸਮਾਦ ਦਾ ਚੌਥਾ-ਪਦ ਹੈ। ਇਸ ਸਹਿਜ ਅਵਸਥਾ ਵਿਚ ਹੀ ਅੰਦਰਲੇ ਨੂੰ ਬਾਹਰ ਤੇ ਬਾਹਰਲੇ ਨੂੰ ਅੰਦਰ ਸੁਰਤਿ ਪ੍ਰਤੀਤ ਕਰਦੀ ਹੈ ਅਤੇ ਨਿਰਤ ਇਸ ਨਜ਼ਾਰੇ ਦੇ ਦ੍ਰਿਸ਼ ਦੇਖਦੀ ਹੈ। ਰੂਹ ਦੇ ਇਹਨਾਂ ਮਰਮ ਸਥਾਨਾਂ ਤੱਕ ਗਿਆਨ-ਇੰਦ੍ਰੀਆਂ ਦੀ ਕੋਈ ਪਹੁੰਚ ਨਹੀਂ। ਇਥੇ ਜੇ ਕੋਈ ਚੀਜ਼ ਪਹੁੰਚ ਸਕਦੀ ਹੈ ਤਾਂ ਉਹ ਅਨਹਤ ਨਾਦ ਦੀ ਧੁਨਾਂ ਤੇ ਲੈਅ ਹੀ ਹੈ।ਸੂਫ਼ੀ ਸੰਤਾਂ ਦਾ ਵਿਚਾਰ ਹੈ ਕਿ ਰਾਗ ਨਾਲ ਉਹ ਚੇਤੇ ਜਾਗ ਪੈਂਦੇ ਹਨ ਜਿਹੜੇ ਰੱਬ ਕੋਲੋਂ ਵਿਛੜਨ ਲੱਗਿਆਂ ਰੱਬੀ ਧੁਨਾਂ ਸੁਣ ਕੇ ਰੂਹਾਂ ਨੇ ਪੱਲੇ ਬੰਨੇ ਹੁੰਦੇ ਹਨ। ਕੁਰਾਣ ਮਜੀਦ ਵਿਚ ਇਹ ਪਵਿੱਤਰ ਬਚਨ ਆਉਂਦਾ ਹੈ ਕਿ ਜਦ ਰੱਬ ਨੇ ਰੂਹਾਂ ਪੈਦਾ ਕੀਤੀਆਂ ਤਾਂ ਉਹਨਾਂ ਤੋਂ ਪੁਛਿਆ ਕਿ ਤੁਹਾਡਾ ਰੱਬ ਕਿਹੜਾ ਹੈ (ਅਲਸਤ ਬਿਰਬਿਕਮ)।ਇਹ ਇਲਾਹੀ ਆਵਾਜਾ ਜਦ ਉਨ੍ਹਾਂ ਦੇ ਕੰਨੀ ਪਿਆ ਤਾਂ ਉਹ ਮਸਤ ਹੋ ਕੇ ਬੋਲ ਉਠੀਆਂ-'ਕਾਲੂਬਿਲਾ' (ਤੂੰ ਹੀ ਸਾਡਾ ਰੱਬ ਹੈਂ)। ਇਹ ਪਹਿਲਾ ਕੌਲ ਇਕਰਾਰ ਸੀ ਜੋ ਰੂਹਾਂ ਤੇ ਰੱਬ ਦੇ ਵਿਚਕਾਰ ਹੋਇਆ ਅਤੇ ਇਹ ਰਾਗ ਸੀ। ਮਾਤ-ਲੋਕ ਵਿਚ ਆ ਕੇ ਰੂਹਾਂ ਇਹ ਇਕਰਾਰ ਭੁੱਲ ਗਈਆਂ। ਉਹਨਾਂ ਦੇ ਹਿਰਦੇ ਅੰਦਰ ਇਲਾਹੀ ਸੱਦ ਤਾਂ ਨਿਰੰਤਰ ਧੁਰਧਾਮ ਤੋਂ ਆ ਰਹੀ ਹੈ ਪਰ ਰੂਹਾਂ ਉਸ ਵੱਲੋਂ ਅਵੇਸਲੀਆਂ ਹਨ।ਅੱਲਾਹ ਵੱਲੋਂ ਪੈਗਾਮ ਲੈ ਕੇ ਪੈਗੰਬਰ ਮਾਤ-ਲੋਕ ਵਿਚ ਆ ਕੇ ਰੱਬ ਤੇ ਰੂਹਾਂ ਵਿਚਕਾਰ ਹੋਏ ਇਕਰਾਰ ਨੂੰ ਚੇਤੇ ਕਰਵਾਉਂਦਾ ਹੈ।ਜਾਗੀਆਂ ਰੂਹਾਂ ਇਸ ਪੈਗਾਮ ਨੂੰ ਸੁਣ ਕੇ ਇਲਾਹੀ ਨਾਦ ਨੂੰ ਆਪਣੇ ਹਿਰਦੇ ਅੰਦਰ ਸੁਣਦੀਆਂ ਹਨ। ਇਹ ਦੈਵੀ ਨਾਦ ਹੀ ਸੂਫ਼ੀਆਂ ਦਾ 'ਸਮਾਅ' ਹੈ ਜਿਸ ਨੂੰ ਰੂਹਾਨੀ ਪੱਧਰ 'ਤੇ ਸੁਣ ਕੇ ਅੱਲਾਹ ਵਿਚ ਅਭੇਦ ਹੋਇਆ ਜਾਂਦਾ ਹੈ। ਜੋ ਜਿਸਮਾਨੀ ਪੱਧਰ ਤੇ ਹੀ 'ਸਮਾਅ' ਨੂੰ ਸੁਣਦੇ ਹਨ, ਉਹ ਬੇਯਕੀਨੀ ਦੀ ਖੱਡ ਵਿਚ ਡਿੱਗ ਪੈਂਦੇ ਹਨ। ਬਾਹਰੀ ਸੰਗੀਤ ਦੀ ਰਸਾਈ ਜਿਸਮ ਤੱਕ ਹੈ। ਜਦ ਇਹ 'ਬਾਂਗੇ-ਇਲਾਹੀ' ਦੀ ਸੱਦ ਬਣ ਜਾਂਦਾ ਹੈ ਤਾਂ ਇਹ ਅਖੰਡ ਕੀਰਤਨ ਰੂਹ ਸੁਣ ਕੇ ਆਪਣੇ ਆਪੇ ਦੀ ਪਹਿਚਾਣ ਕਰਦੀ ਹੈ। ਇਹ ਅੰਦਰੂਨੀ ਸਹਿਜ (harmony) ਅਤੇ ਸੁਰੀਲਤਾ ਹੈ। 'ਧੁਰ ਕੀ ਬਾਣੀ ਦਾ ਬਾਹਰਮੁਖੀ ਰੂਪ ਵਰਣਾਤਮਕ (ਅਰਥ ਧਾਰਨੀ) ਹੈ ਅਤੇ ਅੰਤਰਮੁਖੀ ਰੂਪ ਧੁਨਾਤਮਕ (ਸੁਰ ਧਾਰਨੀ) ਹੈ। ਇਸੇ ਨੂੰ 'ਸ਼ਬਦ' ਕਿਹਾ ਗਿਆ ਹੈ ਜੋ ਨਾਦ ਅਤੇ ਵੇਦ ਦੇ ਰੂਪ ਵਿਚ ਵਿਆਪਕ ਹੈ। ਗੁਰਮਤਿ ਦੇ ਪਰਿਪੇਖ ਵਿਚ ਸ਼ਬਦ ਦਾ ਸੰਗੀਤਕ ਸਰੂਪ 'ਅਨਹਦ ਸ਼ਬਦ ਹੈ।ਸੰਗੀਤਕ ਮਧੁਰਤਾ ਦੀ ਇਹ ਅਵਸਥਾ ਹਰਖ-ਸੋਗ ਤੋਂ ਰਹਿਤ, ਸਹਿਜ-ਵਿਸ਼ਵਾਸ, ਕੀਰਤਨ-ਆਧਾਰ, ਨਿਹਚਲ-ਆਸਨ, ਪੂਰਨ-ਦ੍ਰਿੜਤਾ, ਭਰਮ-ਭੈਅ ਤੋਂ ਮੁਕਤ ਅਵਸਥਾ ਸਹਿਜ ਅਨੰਦ ਦੀ ਅਵਸਥਾ ਹੈ।ਸ਼ਬਦ ਦਾ ਅਨਹਦ ਸਰੂਪ ਕੋਈ ਸਧਾਰਣ ਧੁਨੀ ਨਹੀਂ, ਸਾਰੇ ਵਿਸ਼ਵ ਦੀ ਜਿੰਦ-ਜਾਨ ਤੇ ਰੂਹਾਨੀਅਤ ਦਾ ਅਮੁੱਲ ਨਿਸ਼ਾਨ ਹੈ। ਨਾਦ ਦੀ ਇਹ ਚੇਤਨਾ ਹੀ ਗਿਆਨ ਦਾ ਅੰਤਰ-ਪ੍ਰਕਾਸ਼ ਹੈ। ਭਾਵੇਂ ਇਸ ਦਾ ਇਲਮ ਹੋਵੇ ਜਾਂ ਨਾ ਹੋਵੇ ਪਰ ਇਹ ਨਾਦ ਹਰ ਜੀਵ ਦੇ ਅੰਦਰ ਨਿਰੰਤਰ ਚੱਲ ਰਿਹਾ ਹੈ, ਜਿਸ ਦੀ 'ਅਨਹਦ ਸਬਦੁ ਵਜੈ ਦਿਨੁ ਰਾਤੀ' ਰਾਹੀਂ ਪੁਸ਼ਟੀ ਹੁੰਦੀ ਹੈ।

**-ਡਾ. ਗੁਲਜ਼ਾਰ ਸਿੰਘ ਕੰਗ**

## ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਐਡਵੋਕੇਟ ਧਾਮੀ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਨਾਨਕਸ਼ਾਹੀ ਸੰਮਤ 558 ਦਾ ਕੈਲੰਡਰ ਕੀਤਾ ਜਾਰੀ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੱਜ ਨਾਨਕਸ਼ਾਹੀ ਸੰਮਤ 558 (ਸੰਨ 2026-27) ਦਾ ਕੈਲੰਡਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਭਗਤ ਰਵਿਦਾਸ ਜੀ ਦੇ 650 ਸਾਲਾ ਜਨਮ ਦਿਹਾੜੇ ਅਤੇ ਸ੍ਰੀ ਕੀਰਤਪੁਰ ਸਾਹਿਬ 400 ਸਾਲਾ ਸਥਾਪਨਾ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ।ਕੈਲੰਡਰ ਜਾਰੀ ਕਰਨ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਦਾ ਨਵਾਂ ਵਰ੍ਹਾ 1 ਚੇਤ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦਿਨ ਹਰ ਗੁਰਦੁਆਰਾ ਸਾਹਿਬਾਨ ਅੰਦਰ ਗੁਰਮਤਿ ਸਮਾਗਮ ਕਰਕੇ ਇਸ ਦੀ ਆਰੰਭਤਾ ਕਰਨੀ ਚਾਹੀਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ ਅਤੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿਚ ਲਗਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਾਲ ਭਗਤ ਰਵਿਦਾਸ ਜੀ ਦਾ 650 ਸਾਲਾ ਜਨਮ ਦਿਹਾੜਾ ਅਤੇ ਸ੍ਰੀ ਕੀਰਤਪੁਰ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ ਕੌਮ ਵੱਲੋਂ ਚੜ੍ਹਦੀ ਕਲਾ ਅਤੇ ਪੰਥਕ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਸ਼ਤਾਬਦੀ ਸਬੰਧੀ ਭਾਈਚਾਰੇ ਨਾਲ ਮਿਲ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਉਲੀਕੀ ਜਾਵੇਗੀ।

ਇਸੇ ਤਰ੍ਹਾਂ ਹੀ ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਨੂੰ ਵੀ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਦੇ ਸਹਿਯੋਗ ਨਾਲ ਯਾਦਗਾਰੀ ਬਣਾਉਣ ਵਾਸਤੇ ਕਾਰਜ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਭਾਈ ਤਾਰਾ ਸਿੰਘ ਵਾਂ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 11 ਤੋਂ 14 ਮਾਰਚ 2026 ਤੱਕ ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਸ਼ਤਾਬਦੀ ਸਮਾਗਮ ਹੋਣਗੇ। ਉਨ੍ਹਾਂ ਜਿਥੇ ਸੰਗਤਾਂ ਨੂੰ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ, ਉਥੇ ਹੀ ਨਾਨਕਸ਼ਾਹੀ ਸੰਮਤ 558 ਦੀ ਆਰੰਭਤਾ ਮੌਕੇ 13 ਮਾਰਚ ਦੀ ਰਾਤ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋ ਰਹੇ ਗੁਰਮਤਿ ਸਮਾਗਮ ਵਿਚ ਪੁੱਜਣ ਲਈ ਵੀ ਕਿਹਾ। ਐਡਵੋਕੇਟ ਧਾਮੀ ਨੇ ਆਉਣ ਵਾਲੇ ਨਾਨਕਸ਼ਾਹੀ ਸੰਮਤ 558 ਦੀ ਸਿੱਖ ਜਗਤ ਨੂੰ ਵਧਾਈ ਦਿੱਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੇਜਰ ਸਿੰਘ ਢਿੱਲੋਂ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸ. ਫੁੰਮਣ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸ. ਹਰਪਾਲ ਸਿੰਘ ਜੱਲ੍ਹਾ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ, ਸ. ਬਗੀਚਾ ਸਿੰਘ, ਸ. ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





# ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ

'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar